ੴ ਵਾਹਿਗੁਰੂ ਜੀ ਕੀ ਫ਼ਤਹ ॥

## ਗੁਰਮਤਿ ਸੰਬੰਧੀ

# ਸ਼ੰਕਿਆਂ ਤੇ ਉਟੰਕਣਾਂ ਦੇ ਉੱਤਰ

*ਲਿਖਤ :*

**ਭਾਈ ਸਾਹਿਬ ਰਣਧੀਰ ਸਿੰਘ**

ੴ

ਏਕੋ ਜਪਿ ਏਕੋ ਸਾਲਾਹਿ

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

ਲੁਧਿਆਣਾ

ਮੁੱਲ : 3-00

੧ੴ ਵਾਹਿਗੁਰੂ ਜੀ ਕੀ ਫ਼ਤਹ ॥

# ਗੁਰਮਤਿ ਸੰਬੰਧੀ
# ਸ਼ੰਕਿਆਂ ਤੇ ਉਟੰਕਣਾਂ ਦੇ ਉੱਤਰ


*ਲਿਖਤ :*

ਭਾਈ ਸਾਹਿਬ ਰਣਧੀਰ ਸਿੰਘ



*ਪ੍ਰਕਾਸ਼ਕ :*

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**

੨੩-ਜੀ, ਸਰਾਭਾ ਨਗਰ, ਲੁਧਿਆਣਾ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

## ਤਤਕਰਾ


| | |
|---|---|
| ਜੂਨ ੧੯੩੮ ਦੇ ਪ੍ਰੀਤ ਲੜੀ ਦੇ ਲੇਖਾਂ ਪਰ ਵਿਚਾਰ | ੫ |
| ਜੁਲਾਈ ੧੯੩੮ ਦੀ ਪ੍ਰੀਤ ਲੜੀ ਦਾ ਉੱਤਰ | ੨੧ |
| ਪ੍ਰੀਤ ਲੜੀ ਦੇ ਸੰਪਾਦਕ ਦੀ ਪੈਂਤੜੇ-ਬਦਲਵੀਂ ਚਾਲ | ੨੬ |
| ਪ੍ਰੀਤ ਲੜੀ ਤੇ ਰੱਬ | ੩੪ |
| ਪ੍ਰੀਤ ਲੜੀ ਦੀ ਕਸੌਟੀ ਦਾ ਚੰਗਾ ਤੇ ਪਵਿੱਤਰ ਜੀਵਨ | ੪੮ |
| ਪ੍ਰੀਤ ਲੜੀ ਤੇ ਪਵਿੱਤਰਤਾ | ੫੨ |
| ਰੱਬੀ ਮਿਹਰ, ਇਨਸਾਫ਼ ਤੇ ਪ੍ਰੀਤ ਲੜੀ | ੫੬ |
| ਪ੍ਰੀਤ ਲੜੀ ਦੀਆਂ ਆਪ-ਖੰਡਣੀਆਂ ਦਲੀਲਾਂ | ੫੮ |
| ਪ੍ਰੀਤ ਲੜੀ ਦੀ ਲੋਕ-ਜੀਊਰੀ ਅਗੇ ਕੀਤੀ ਅਪੀਲ ਦੀ ਪੜਤਾਲ | ੬੧ |



੧੯੬੭, ੧੯੮੨, ੧੯੯੦
ਚੌਥੀ ਵਾਰ ਜੁਲਾਈ ੧੯੯੪

*ਟਾਈਪਸੈੱਟਰ :*
ਕੇ. ਜੀ. ਗ੍ਰਾਫ਼ਿਕਸ, 98, ਸਿਟੀ ਸੈਂਟਰ, ਅੰਮ੍ਰਿਤਸਰ

*ਪ੍ਰਿੰਟਰ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ


bsrstrust.org

# ਸੂਚਨਾ

(ਈਲੈਕਟ੍ਰੌਨਿੱਕ ਐਡੀਸ਼ਨ)

ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਵਿੱਚ ਇਕ ਨਿਰਮੋਲ ਖ਼ਜ਼ਾਨਾ ਸੁਸ਼ੋਭਤ ਹੈ, ਜਿਸ ਵਿੱਚ ਭਾਈ ਸਾਹਿਬ ਨੇ ਗੁਰਮਤਿ ਦੇ ਤਕਰੀਬਨ ਹਰ ਪੱਖ ਦੀ ਵਿਆਖ਼ਿਆ ਕੀਤੀ ਹੋਈ ਹੈ ।

ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਭਾਈ ਸਾਹਿਬ ਦੇ ਸਮਕਾਲੀ ਅਤੇ ਜ਼ੇਲ ਸਾਥੀ ਗਿਆਨੀ ਨਾਹਰ ਸਿੰਘ ਅਤੇ ਗਿਆਨੀ ਹਰਭਜਨ ਸਿੰਘ ਚਮਿੰਡਾ ਨੇ ਅਰੰਭ ਕੀਤੀ । ਉਸ ਤੋਂ ਉਪਰੰਤ 1962 ਵਿੱਚ ਇਸਦੀ ਸੇਵਾ ਭਾਈ ਸਾਹਿਬ ਦੇ ਸਪੁਤੱਰ ਭਾਈ ਬਲਬੀਰ ਸਿੰਘ ਦੇ ਹਵਾਲੇ ਕਰ ਦਿਤੀ ਗਈ, ਜਿਸ ਵਿੱਚ ਭਾਈ ਬਲਬੀਰ ਸਿੰਘ ਨੇ ਆਪਣੇ ਪਿਤਾ ਜੀ ਦੀਆਂ ਵਡੱਮੁਲੀਆਂ ਲਿਖਤਾਂ ਨੂੰ ਸਹੀ ਤਰੀਕੇ ਨਾਲ ਛਾਪਿਆ ਅਤੇ ਵੰਡਿਆ । ਭਾਈ ਸਾਹਿਬ ਦੀ ਜਨਮ ਸ਼ਤਾਬਦੀ ਦੇ ਸਮੇਂ, 1978 ਵਿੱਚ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਅਸਥਾਪਿਤ ਕੀਤਾ ਗਇਆ, ਜਿਸ ਦੀ ਸਰਪ੍ਰਸਤੀ ਹੇਠ ਇਹ ਪੁਸਤਕਾਂ ਅੱਜ ਤੱਕ ਪ੍ਰਕਾਸ਼ਿਤ ਹੋ ਰਹੀਆਂ ਹਨ ।

ਅਜੋਕੇ ਸਮੇਂ ਵਿੱਚ ਭਾਰਤ ਤੋਂ ਬਾਹਰ ਭਾਈ ਸਾਹਿਬ ਦੀਆਂ ਲਿਖਤਾਂ ਦੀ ਮੰਗ ਬਹੁਤ ਵਧ ਰਹੀ ਹੈ । ਨੌਜਵਾਨ ਪੀੜੀ ਦੀ ਮੰਗ ਨੂੰ ਮੁੱਖ ਰੱਖ ਕੇ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਯੂ.ਕੇ. ਅਤੇ ਅਖੰਡ ਕੀਰਤਨੀ ਜਥਾ ਯੂ.ਕੇ. ਨੇ ਇਨ੍ਹਾਂ ਪੁਸਤਕਾਂ ਨੂੰ ਇੰਟਰਨੈਟ ਮੀਡੀਆ ਰਾਹੀਂ ਸੰਗਤਾਂ ਵਾਸਤੇ ਹਾਜ਼ਰ ਕੀਤੀਆਂ ਹਨ । ਸਾਨੂੰ ਆਸ ਹੈ ਕੇ ਥਾਂ ਥਾਂ ਵਸਦੀਆਂ ਸੰਗਤਾਂ ਇਸ ਉਪਰਾਲੇ ਦਾ ਸਹੀ ਲਾਭ ਲੈ ਸਕਣਗੀਆਂ । ਅਸੀਂ ਧੰਨਵਾਦੀ ਹਾਂ

ਸਾਧ-ਸੰਗਤ ਅਤੇ ਉਨ੍ਹਾਂ ਸੱਜਣਾਂ ਦੇ ਜੋ ਨਿਰੰਤਰ ਇਸ ਸੇਵਾ ਵਿੱਚ ਹਿੱਸਾ ਪਾਉਦੇਂ ਹਨ ।

ਗੁਰੂ ਸਾਹਿਬ ਦੀ ਮਿਹਰ ਅਤੇ ਸੰਮੂਹ ਸੰਗਤਾਂ ਦੀਆਂ ਆਸੀਸਾਂ ਸਦਕਾ ਇਹ ਕਾਰਜ ਹੋਇਆ ਹੈ ਅਤੇ ਆਸ ਰੱਖਦੇ ਹਾਂ ਕੇ ਅਗੇ ਤੋਂ ਵੀ ਸੰਗਤਾਂ ਦਾ ਸਹਿਯੋਗ ਮਿਲਦਾ ਰਹੇਗਾ ।

ਜੁਝਾਰ ਸਿੰਘ
**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਯੂ.ਕੇ.**
ਜਨਵਰੀ 2013, ਯੂ.ਕੇ.

ਪ੍ਰਕਾਸ਼ਕ:

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

*ਵੈਬਸਾਈਟ (Website): www.bsrstrust.org*

*ਈ-ਮੇਲ (Email): info@bsrstrust.org*

*ਫੇਸਬੁੱਕ (Facebook): www.facebook.com/BSRSTrust*

*ਟਵਿਟਰ (Twitter): www.twitter.com/BSRSTrust (@BSRSTrust)*

**ISBN: 978-1-909065-64-2** © ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

# ਸੰਪਾਦਕੀ ਨੋਟ

ਜਦ ਪਹਿਲੇ ਪਹਿਲ 'ਪ੍ਰੀਤ ਲੜੀ' ਰਸਾਲਾ ਸਮਾਧ ਬਾਬਾ ਫੂਲਾ ਸਿੰਘ ਜੀ ਨੌਸ਼ਹਿਰਾ (ਸਰਹੱਦੀ ਸੂਬਾ) ਤੋਂ ਜਾਰੀ ਹੋਇਆ ਸੀ ਤਾਂ ਇਸ ਨੂੰ ਗੁਰਸਿੱਖੀ ਦਾ ਰੰਗ ਵੀ ਦਿਤਾ ਹੋਇਆ ਹੁੰਦਾ ਸੀ। ਅਸੀਂ ਇਸ ਦਾ ਪਹਿਲਾ ਪਰਚਾ ਪੜ੍ਹ ਕੇ ਹੀ ਕਹਿ ਦਿਤਾ ਸੀ ਕਿ ਇਹ ਪਰਚਾ ਕਿਸੇ ਖ਼ਾਸ ਪਾਰਟੀ ਦਾ ਏਜੰਟ ਹੈ ਤੇ ਗੁਰਸਿੱਖੀ ਲਈ ਹਾਨੀਕਾਰਕ ਹੈ। ਉਸ ਸਮੇਂ ਪੰਜਾਬੀ ਅਖ਼ਬਾਰਾਂ ਨੇ ਇਸ ਦੇ ਚੰਗੇ ਰੀਵੀਊ ਕੀਤੇ ਸਨ। ਦਾਸ ਉਸ ਵੇਲੇ 'ਅਸਲੀ ਕੌਮੀ ਦਰਦ' ਰੋਜ਼ਾਨਾ ਅਖ਼ਬਾਰ ਅੰਮ੍ਰਿਤਸਰ ਵਿਚ ਇਕ ਐਡੀਟਰ ਦੇ ਤੌਰ ਤੇ ਕੰਮ ਕਰਦਾ ਸੀ। ਦਾਸ ਨੇ ਇਸ ਦਾ ਰੀਵੀਊ ਨਹੀਂ ਸੀ ਕੀਤਾ। ਸਾਡੇ ਕਈ ਦੋਸਤ ਇਸ ਨੂੰ ਚੰਗਾ ਹੀ ਸਮਝਦੇ ਸਨ। ਪਰ ਇਹ ਪਖੰਡ-ਖੰਡਨ ਦੀ ਆੜ ਵਿਚ ਸਿੱਖੀ ਵਿਰੁਧ ਪਰਚਾਰ ਕਰਦਾ ਹੀ ਰਹਿੰਦਾ ਸੀ। ਜਦ ਇਸ ਦਾ ਬੈਂਗਣੀ ਰੰਗ ਉਘੜ ਆਇਆ ਤਾਂ ਜਿਹੜੇ ਸਾਡੇ ਦੋਸਤ ਇਸ ਨੂੰ ਚੰਗਾ ਖ਼ਿਆਲ ਕਰਦੇ ਸਨ, ਉਨ੍ਹਾਂ ਨੇ ਹੀ ਇਸ ਦੇ ਵਿਰੁਧ ਸੈਂਲ੍ਹਾਂ ਸੌਲ੍ਹਾਂ ਲੇਖ ਲਿਖੇ। ਇਸ ਦੇ ਸ਼ਬਦਾਂ ਵਿਚ ਰੰਗੀਨੀ ਤੇ ਗਲੇਫਵਾਂਪਣ ਹੁੰਦਾ ਹੈ, ਜਿਸ ਕਰਕੇ ਪੜ੍ਹੇ ਲਿਖੇ ਵੀ ਧੋਖਾ ਖਾ ਜਾਂਦੇ ਹਨ। ਇਸ ਰਸਾਲੇ ਨੇ ਨੌਜਵਾਨਾਂ ਨੂੰ ਬਹੁਤ਼ ਗੁਮਰਾਹ ਕੀਤਾ ਹੈ। ੧੯੩੪ ਵਿਚ ਇਸ ਨੇ ਲਿਖਿਆ ਸੀ ਕਿ ਮੈਂ ਨਵੀਂ ਫ਼ਿਲਾਸਫ਼ੀ ਲੈ ਕੇ ਆਇਆ ਹਾਂ। ਦਾਸ ਨੇ ਇਸ ਦੇ ਉੱਤਰ ਵਿਚ ਇਕ ਲੇਖ ਲਿਖਿਆ ਸੀ, ਜੋ ਸ਼ਾਇਦ ਨਵੰਬਰ ੧੯੩੪ ਦੇ ਰਸਾਲਾ 'ਪ੍ਰੀਤਮ' ਵਿਚ ਛਪਿਆ ਸੀ। ਅਸੀਂ ਇਸ ਵਿਚ ਦਸਿਆ ਸੀ ਕਿ ਦੁਨੀਆ ਵਿਚ ਮੁਢ ਤੋਂ ਹੀ ਹੇਠ ਲਿਖੀਆਂ ਫ਼ਿਲਾਸਫ਼ੀਆਂ ਚਲ ਰਹੀਆਂ ਹਨ—

(੧) ਰੱਬ ਨੂੰ ਮੰਨਣ ਦੀ ਫ਼ਿਲਾਸਫ਼ੀ, (੨) ਨਾਸਤਕ-ਪੁਣਾ, (੩) ਪਖੰਡ-ਖੰਡਨ, (੪) ਸਦਾਚਾਰ, (੫) ਮੌਜ ਮੇਲਾ, (੬) ਰਾਜਨੀਤੀ।

ਸਾਰਾ ਸੰਸਾਰ ਇਨ੍ਹਾਂ ਫ਼ਿਲਾਸਫ਼ੀਆਂ ਵਿਚ ਹੀ ਵਰਤਦਾ ਰਹਿੰਦਾ ਹੈ,

bsrstrust.org

ਦੱਸੋ, ਤੁਸੀਂ ਕਿਹੜੀ ਫ਼ਿਲਾਸਫ਼ੀ ਲੈ ਕੇ ਆਏ ਹੋ ? ਇਸ ਦਾ ਉੱਤਰ ਇਨ੍ਹਾਂ ਕੋਈ ਨਹੀਂ ਸੀ ਦਿਤਾ, ਕਿਉਂਕਿ ਹੋਰ ਫ਼ਿਲਾਸਫ਼ੀ ਇਨ੍ਹਾਂ ਕੋਲ ਕੋਈ ਹੈ ਹੀ ਨਹੀਂ। ਇਹ ਕੇਵਲ ਪਾਖੰਡ-ਜਾਲ ਰਚ ਕੇ ਨਾਸਤਕਪੁਣੇ ਦਾ ਪਰਚਾਰ ਕਰਦਾ ਹੈ।

੧੯੩੮ ਵਿਚ ਬਰਮਾ ਆਦਿ ਥਾਵਾਂ ਤੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੂੰ ਇਸ ਰਸਾਲੇ ਦੇ ਗੁਰਮਤਿ-ਵਿਰੋਧੀ ਲੇਖਾਂ ਸੰਬੰਧੀ ਚਿੱਠੀਆਂ ਆਈਆਂ, ਜਿਸ ਕਰਕੇ ਉਨ੍ਹਾਂ ਨੇ 'ਨਾਮ' ਸੰਬੰਧੀ ਤੇ ਗੁਰਮਤਿ ਬਾਰੇ ਤੇ ਹੋਰ ਉਟੰਕਣਾਂ ਦਾ ਉੱਤਰ ਦੇਣ ਲਈ ਕਈ ਲੇਖ ਲਿਖੇ, ਜੋ ੧੯੩੮ ਵਿਚ ਹਫ਼ਤਾਵਾਰ ਅਖ਼ਬਾਰ 'ਖ਼ਾਲਸਾ ਐਡਵੋਕੇਟ' ਤੇ 'ਖ਼ਾਲਸਾ ਸਮਾਚਾਰ' ਅੰਮ੍ਰਿਤਸਰ ਵਿਚ ਛਪਦੇ ਰਹੇ। ਅਸੀਂ ਉਨ੍ਹਾਂ ਲੇਖਾਂ ਦਾ ਸੰਗ੍ਰਹਿ ਕਰ ਕੇ ਗੁਰਮਤਿ ਦੇ ਲਾਭ ਹਿੱਤ ਵੱਖੋ ਵੱਖ ਤਿੰਨ ਪੁਸਤਕਾਂ ਵਿਚ ਪ੍ਰਕਾਸ਼ਤ ਕੀਤਾ ਹੈ : ਇਕ ਦਾ ਨਾਂ ਹੈ 'ਆਸਤਕ ਤੇ ਨਾਸਤਕ', ਦੂਜੀ ਪੁਸਤਕ ਦਾ ਨਾਂ 'ਨਾਮ ਸੰਬੰਧੀ ਵਿਚਾਰ' ਹੈ, ਤੇ ਤੀਸਰੀ ਦਾ ਨਾਂ 'ਗੁਰਮਤਿ ਸੰਬੰਧੀ ਸ਼ੰਕਿਆਂ ਤੇ ਉਟੰਕਣਾਂ ਦੇ ਉੱਤਰ' ਹੈ, ਜੋ ਹੁਣ ਪ੍ਰਕਾਸ਼ਤ ਕਰ ਕੇ ਪਾਠਕਾਂ ਦੇ ਪੇਸ਼ ਕੀਤੀ ਗਈ ਹੈ।

ਪਹਿਲੀਆਂ ਦੋ ਪੁਸਤਕਾਂ ਅਗੇ ਪ੍ਰਕਾਸ਼ਤ ਹੋ ਚੁਕੀਆਂ ਹਨ। ਇਨ੍ਹਾਂ ਵਿਚ ਭਾਈ ਸਾਹਿਬ ਨੇ ਪ੍ਰੀਤ ਲੜੀ ਦੇ ਲਿਖਣ-ਢੰਗ ਤੇ ਭੁਲੇਖਾ-ਪਾਊ ਲਿਖਤਾਂ ਦਾ ਨਿਰਣੇ ਪੂਰਬਕ ਖੰਡਨ ਕੀਤਾ ਹੈ। ਇਹ ਸਿਧਾਂਤਕ ਪ੍ਰਕਰਣ ਹਨ, ਜੋ ਕਦੇ ਬੇਹੇ ਨਹੀਂ ਹੋ ਸਕਦੇ। ਪਾਠਕ ਜਦ ਵੀ ਪੜ੍ਹਨਗੇ, ਉਹ ਲਾਭ ਹੀ ਉਠਾਣਗੇ ਤੇ ਸਹੀ ਚਾਨਣ ਪ੍ਰਾਪਤ ਹੋਵੇਗਾ, ਕਿਉਂਕਿ ਪ੍ਰੀਤ ਲੜੀ ਸਦਾ ਅੰਧ ਅਗਿਆਨ ਦਾ ਹੀ ਪਰਚਾਰ ਕਰਦਾ ਹੈ।

ਗੁੱਜਰਵਾਲ (ਲੁਧਿਆਣਾ) **ਨਾਹਰ ਸਿੰਘ ਗਜਾਨੀ**

੧ ਮਾਰਚ ੧੯੬੭


bsrstrust.org

# ਜੂਨ ੧੯੩੮ ਦੇ ਪ੍ਰੀਤ ਲੜੀ ਦੇ ਲੇਖਾਂ ਪਰ ਵਿਚਾਰ

(ਨੰ: ੧)

ਮਹੀਨਾ ਜੂਨ ੧੯੩੮ ਦੇ ਪ੍ਰੀਤ ਲੜੀ ਰਸਾਲੇ ਵਿਚ ਪੰਨਾ ੧੯ ਤੋਂ ੨੨ ਤਾਈਂ ਜੋ ਕੁਛ ਲਿਖਿਆ ਗਿਆ ਹੈ ਉਸ ਦਾ ਤਰਦਾ ਤਰਦਾ ਉੱਤਰ ਥੋੜ੍ਹੇ ਵਿਚ ਨਿਬੇੜਨਾ ਹੀ ਕਾਫ਼ੀ ਹੋਵੇਗਾ, ਕਿਉਂਕਿ ਇਨ੍ਹਾਂ ਪੰਨਿਆਂ ਵਿਚ ਲਿਖੇ ਲੇਖ ਦੇ ਸੰਪਾਦਕ (ਐਡੀਟਰ ਪ੍ਰੀਤ ਲੜੀ) ਹੋਰਾਂ ਮੁੜ ਮੁੜ ਓਹੀ ਪੀਸਣਾ ਪੀਸਿਆ ਹੈ, ਜੈਸਾ ਕਿ ਉਨ੍ਹਾਂ ਦੇ ਲਿਖਣ ਦਾ ਵਤੀਰਾ ਹੈ। ਸਾਡਾ ਭਾਵ ਕੇਵਲ ਇਹ ਹੈ ਕਿ ਗੁਰਮਤਿ ਦੇ ਪਵਿੱਤਰ ਅਸੂਲਾਂ ਉਤੇ ਜੋ ਅਣਹੋਏ ਹਮਲੇ ਰਸਾਲਾ ਪ੍ਰੀਤ ਲੜੀ ਆਪਣੀ ਗਲੇਫਵੀਂ ਪਾਲਸੀ ਨਾਲ ਕਰਦਾ ਹੈ, ਉਨ੍ਹਾਂ ਬਾਰੇ ਓਸ ਦੀ ਯਥਾ ਸੋਧ-ਸੁਧਾਈ ਕਰਨਾ ਹਰੇਕ ਗੁਰਸਿੱਖ ਦਾ ਫ਼ਰਜ਼ ਹੈ। ਇਹ ਸੋਧ-ਸੁਧਾਈ ਭੀ ਇਸ ਲਈ ਨਹੀਂ ਕੀਤੀ ਜਾਂਦੀ ਕਿ ਪ੍ਰੀਤ ਲੜੀ ਦੇ ਲਿਖਾਰੀ ਦੀ ਜ਼ਾਤੀ ਸ਼ਖ਼ਸੀਅਤ ਨੂੰ ਕੋਈ ਹਰਜ ਪਹੁੰਚਾਇਆ ਜਾਵੇ, ਪਰੰਤੂ ਮੁੱਖ ਮਨੋਰਥ ਇਹ ਹੈ ਕਿ ਜੋ ਕੁਛ ਇਸ ਰਸਾਲੇ ਵਿਚ ਗੁਰਮਤਿ ਵਿਰੁੱਧ ਪਰਚਾਰਿਆ ਜਾ ਰਿਹਾ ਹੈ, ਉਸ ਦੇ ਅਸਰ ਤੋਂ ਪੰਥ ਦੀ ਜਵਾਨ-ਪਨੀਰੀ ਨੂੰ ਬਚਾਇਆ ਜਾਵੇ ਅਤੇ ਗੁਰਮਤਿ ਅਸੂਲਾਂ ਦੀ ਪਵਿੱਤਰਤਾਈ ਨੂੰ ਉਸ ਦੇ ਲੇਖਾਂ ਦੀ ਕਾਲਖ ਤੋਂ ਪਾਕ ਰਖਿਆ ਜਾਵੇ। ਇਸ ਮਨੋਰਥ ਨੂੰ ਮੁੱਖ ਰੱਖ ਕੇ ਇਹ ਪ੍ਰੀਸ਼ਰਮ ਕੀਤਾ ਗਿਆ ਹੈ। ਇਸ ਦਾ ਵਪਾਰ ਅਤੇ ਦੁਕਾਨਦਾਰੀ ਵਿਚ ਰੱਖਣ-ਪਾਉਣ ਦਾ ਸਾਨੂੰ ਮਾਨ ਗੁਮਾਨ ਭੀ ਨਹੀਂ।

ਪੰਨਾ ੧੯ ਦੇ ਪਹਿਲੇ ਕਾਲਮ ਦੇ ਦੂਜੇ ਪੈਰੇ ਵਿਚ 'ਪ੍ਰੀਤ ਲੜੀ' ਦੇ ਐਡੀਟਰ ਸਾਹਿਬ ਲਿਖਦੇ ਹਨ—"ਬਹਿਸ ਦਾ ਦਾਅਵਾ ਮੇਰੀ ਪਰਕ੍ਰਿਤੀ ਨਹੀਂ, ਇਹ ਗੱਲ ਗ਼ਲਤ ਹੈ।"

ਜਦ ਹਰ ਮਜ਼ਹਬ ਉਤੇ ਉਟੰਕਣ ਕਰਨਾ ਉਨ੍ਹਾਂ ਦਾ ਸੁਭਾਉ ਬਣ ਗਿਆ

bsrstrust.org

ਹੈ, ਤਾਂ ਸਾਫ਼ ਸਿੱਧ ਹੈ ਕਿ ਉਹ ਬਹਿਸ ਛੋੜਦੇ ਹਨ। ਬਹਿਸ ਛੇੜਨੀ ਤਾਂ ਉਨ੍ਹਾਂ ਦੀ ਪਰਕ੍ਰਿਤੀ ਹੈ। ਪਰ ਬਹਿਸ ਛੇੜ ਕੇ ਜਦ ਦੂਜੇ ਪਾਸਿਓਂ ਬਹਿਸ ਦਾ ਉੱਤਰ ਮਿਲਦਾ ਹੈ ਤਾਂ ਆਪ ਬਹਿਸ ਤੋਂ ਨਿਰਲੇਪ ਬਣ ਬਹਿੰਦੇ ਹਨ। ਉਨ੍ਹਾਂ ਦੀ ਨਿਰਦਾਅਵੇ ਹੋਣ ਦੀ ਪਰਕ੍ਰਿਤੀ ਏਥੋਂ ਹੀ ਜਾਣੀ ਜਾ ਸਕਦੀ ਹੈ ਕਿ ਆਪ ਨੇ ਇਸ ਪ੍ਰੀਤ ਲੜੀ ਦੀ ਲਹਿਰ ਦੇ ਸੰਬੰਧੀ ਇਹ ਦਾਅਵਾ ਕੀਤਾ ਸੀ ਕਿ ਇਸ ਪ੍ਰੀਤ ਲੜੀ ਦੀ ਤਹਿਰੀਕ ਅਗੇ ਸਾਰੀਆਂ ਨਵੀਆਂ ਤਹਿਰੀਕਾਂ ਮਾਤ ਪੈ ਜਾਣਗੀਆਂ। ਐਸਾ ਦਾਅਵਾ ਕਰਨਾ ਮਨੁੱਖ ਨੂੰ ਸ਼ੋਭਦਾ ਨਹੀਂ, ਕੀ ਪਤਾ ਕੱਲ੍ਹ ਨੂੰ ਕੀ ਹੋ ਜਾਵੇ ਤੇ ਫੇਰ ਪਛਤਾਵਾ ਲਗੇ।

ਏਸੇ ਸਫ਼ੇ ਦੇ ਏਸੇ ਕਾਲਮ ਦੇ ਤੀਜੇ ਪੈਰੇ ਵਿਚ ਐਡੀਟਰ ਸਾਹਿਬ ਲਿਖਦੇ ਹਨ ਕਿ "ਭਾਈ ਸਾਹਿਬ ਨੇ ਦਲੀਲਾਂ ਨਾਲ ਸਾਬਤ ਕਰਨਾ ਚਾਹਿਆ ਕਿ ਮੈਂ ਨਾਸਤਕ ਹਾਂ।"

ਇਸ ਦਾ ਉੱਤਰ ਇਹ ਹੈ ਕਿ ਨਿਰੀਆਂ ਖ਼ੁਦ-ਸਾਖ਼ਤਾ ਦਲੀਲਾਂ ਨਾਲ ਹੀ ਨਾਸਤਕ ਸਾਹਿਬ ਦੀ ਨਾਸਤਕਤਾ ਦਾ ਸਬੂਤ ਨਹੀਂ ਦਿਤਾ ਗਿਆ, ਬਲਕਿ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਵਿਚੋਂ ਹਵਾਲੇ ਦੇ ਕੇ ਉਨ੍ਹਾਂ ਦੀ ਨਾਸਤਕਤਾ ਸਿਧ ਕੀਤੀ ਗਈ ਹੈ। ਜ਼ਰਾ ਸਮੁੱਚਾ ਲੇਖ ਪੜ੍ਹ ਕੇ ਦੇਖੋ, ਨਿਰਾ ਨੰ: ੩ ਵਾਲਾ ਲੇਖ ਹੀ ਨਾ ਵਿਚਾਰੋ। ਇਨ੍ਹਾਂ ਦੀ ਨਾਸਤਕਤਾ ਸਿੱਧ ਕਰਨ ਦੀ ਲੋੜ ਇਉਂ ਪਈ ਕਿ ਸਿੱਖਾਂ ਨੂੰ ਤਾਂ ਇਹ ਲੋਰੀਆਂ ਦਿੰਦੇ ਹਨ ਆਸਤਕਤਾ ਦੀਆਂ, ਪਰ ਸਿੱਖਾਂ ਦੇ ਪੂਜਜ ਗੁਰਮਤਿ ਅਸੂਲਾਂ ਉਤੇ ਅਣਹੋਏ ਉਟੰਕਣ ਕਰਦੇ ਹਨ ਤੇ ਗੁਰਮਤਿ ਅਸੂਲਾਂ ਅਨੁਸਾਰ ਉੱਚ ਪਰਮਾਰਥਾਂ, ਅਧਿਆਤਮਕ ਆਸ਼ਿਆਂ ਨੂੰ ਖੰਡਨ ਕਰਦੇ ਹੋਏ ਆਪਣੀ ਮਨ-ਮੰਨੀ ਨਾਸਤਕਤਾ ਦਾ ਪਰਚਾਰ ਕਰਦੇ ਹਨ। ਜੇ ਇਹ ਆਪ ਖ਼ੁਦ ਨਾਸਤਕ ਬਣੇ ਰਹਿਣ, ਤਾਂ ਬਣੇ ਰਹਿਣ, ਪਰ ਜੋ ਭਰਮ-ਭੁਲਾਵੇ ਵਿਚ ਆ ਕੇ ਅਤੇ ਇਨ੍ਹਾਂ ਨੂੰ ਸਿੱਖ ਸਮਝ ਕੇ ਇਸ ਦੀ ਪ੍ਰੀਤ-ਲੜੀ ਦੇ ਪਾਠਕ ਬਣੇ ਹੋਏ ਹਨ, ਉਨ੍ਹਾਂ ਨੂੰ ਏਸ ਨਾਸਤਕਤਾ ਦੇ ਪਰਚਾਰ ਦੇ ਅਸਰ ਤੋਂ ਬਚਾਉਣ ਦਾ ਯਤਨ ਕਰਨਾ ਜ਼ਰੂਰੀ ਹੈ।

ਇਸ ਕਾਲਮ ਦੇ ਤੀਸਰੇ ਪੈਰੇ ਦੇ ਆਸ਼ੇ ਦਾ ਉੱਤਰ—"ਮੇਰਾ ਕੋਈ ਅਭਿਪਰਾ ਨਹੀਂ ਕਿ ਪ੍ਰੀਤ ਲੜੀ ਕਿਸੇ ਭੁਲੇਖੇ ਦਾ ਲਾਭ ਉਠਾਏ।"

ਆਪ ਦਾ ਇਹ ਕਥਨ ਵਾਕਿਆਤ ਤੋਂ ਉਲਟ ਹੈ। ਜਦੋਂ ਆਪ ਨੇ ਰਸਾਲਾ ਸ਼ੁਰੂ ਕੀਤਾ ਤਦੋਂ ਆਪ ਏਸ ਪਰ '੧ਓ ਸਤਿਗੁਰਪ੍ਰਸਾਦਿ'


bsrstrust.org

ਲਿਖਦੇ ਸਨ। ਬਾਬਾ ਫੂਲਾ ਸਿੰਘ ਜੀ ਸੰਬੰਧੀ ਕਵਿਤਾ ਲਿਖ ਕੇ ਉਨ੍ਹਾਂ ਤੋਂ ਸਹਾਇਤਾ ਦੀ ਮੰਗ ਕਰਦੇ ਸਨ। ਸੋ, ਆਪ ਆਪਣੀ ਗਲੇਫਵੀਂ ਪਾਲਸੀ ਅਨੁਸਾਰ ਪਹਿਲਾਂ ਪ੍ਰੀਤ ਲੜੀ ਨੂੰ ਸਿੱਖ ਪਰਚੇ ਦੀ ਸ਼ਕਲ ਵਿਚ ਹੀ ਪ੍ਰਕਾਸ਼ਤ ਕਰਦੇ ਰਹੇ। ਸਿੱਖਾਂ ਨੇ ਭੀ ਏਸੇ ਭੁਲੇਖੇ ਨਾਲ ਸਿੱਖ ਪਰਚਾ ਸਮਝ ਕੇ ਅਪਣਾਇਆ। ਸੋ ਹੁਣ ਤਕ 'ਪ੍ਰੀਤ ਲੜੀ' ਨੇ ਭੁਲੇਖੇ ਦਾ ਲਾਭ ਹੀ ਉਠਾਇਆ ਹੈ।

(ਨੰ: ੨)

ਪੰਨਾ ੧੯ ਕਾਲਮ ੨, ਪੈਰਾ ੪ ਦਾ ਉੱਤਰ—ਇਸ ਪੈਰੇ ਵਿਚ ਉਹ ਲਿਖਦਾ ਹੈ ਕਿ "ਉਹ ਧਾਰਮਕ ਬਾਣੀ ਦਾ ਆਸਰਾ ਲੈ ਕੇ ਕਿਸੇ ਦਾ ਵਿਸ਼ਵਾਸ ਨਹੀਂ ਮੰਗਦਾ।"

ਉਸ ਦਾ ਇਤਨਾ ਲਿਖਣਾ ਹੀ ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਦਾ ਗੁਰੂ ਨਾਨਕ ਸਾਹਿਬ ਦੀ ਬਾਣੀ ਉਤੇ ਕੋਈ ਵਿਸ਼ਵਾਸ ਨਹੀਂ, ਉਹ ਗੁਰਮਤਿ ਯਾ ਕਿਸੇ ਭੀ ਧਾਰਮਕ ਤੱਤ ਮਜ਼ਹਬ ਦਾ ਆਸਰਾ ਲੈਣਾ ਆਪਣੀ ਕਸਰੇਸ਼ਾਨ ਸਮਝਦੇ ਹਨ। ਉਹ ਧਾਰਮਕ ਪੇਸ਼ਵਾਵਾਂ (ਆਗੂਆਂ) ਯਾ ਸਰਬੱਗ ਮਹਾਂ ਪੁਰਸ਼ਾਂ ਗੁਰੂਆਂ ਅਤੇ ਉਨ੍ਹਾਂ ਦੇ ਦਰਸਾਏ ਅਸੂਲਾਂ ਆਦਰਸ਼ਾਂ ਉਤੇ ਏਅਤਕਾਦ ਵਿਸ਼ਵਾਸ ਨਹੀਂ ਰਖਦੇ, ਉਨ੍ਹਾਂ ਦੀਆਂ ਆਪਣੇ ਰਸਾਲੇ ਅੰਦਰ ਲਿਖਤਾਂ ਅਤੇ ਧਰਮਹੀਨ ਅਸੂਲਾਂ ਦਾ ਵਿਸ਼ਵਾਸ ਆਸਰਾ ਲੈਣ ਵਾਲੇ ਅਨਜਾਣ ਹੀ ਹੋਣਗੇ। ਇਸ ਕਰਕੇ ਅਸੀਂ ਆਪਣੇ ਸਿੱਖ ਅਕੀਦੇ ਵਾਲੇ ਪ੍ਰੀਤ ਲੜੀ ਦੇ ਪਾਠਕਾਂ ਪ੍ਰਤੀ ਨਿਰੂਪਣ ਕਰਵਾਉਂਦੇ ਹਾਂ ਕਿ ਜਿਸ ਸ਼ਖ਼ਸ ਨੂੰ ਤੁਹਾਡੇ ਗੁਰੂਆਂ ਅਤੇ ਧਾਰਮਕ ਹਾਦੀਆਂ ਦੇ ਅਸੂਲ ਆਸ਼ਿਆਂ ਅਤੇ ਧਰਮ-ਬਾਣੀਆਂ ਉਤੇ ਵਿਸ਼ਵਾਸ ਨਹੀਂ, ਉਸ ਅਲਪੱਗ ਮਨਮਤੀਏ ਦੀ ਲਿਖਤ ਉਤੇ ਕਿਉਂ ਯਕੀਨ ਤੇ ਵਿਸ਼ਵਾਸ ਲਿਆਉਂਦੇ ਹੋ ? ਜੇ ਲਿਆਉਂਦੇ ਹੋ ਤਦ ਤੁਸੀਂ ਆਪਣੇ ਗੁਰੂਆਂ ਵਲੋਂ ਅਤੇ ਗੁਰਬਾਣੀ ਵਲੋਂ ਬੇ-ਮੁਖ ਹੁੰਦੇ ਹੋ। ਜੋ ਪੁਰਸ਼ ਕਿਸੇ ਭੀ ਸਰਬੱਗ ਧਰਮਾਤਮਾ ਮਹਾਂਪੁਰਸ਼ ਉਤੇ ਵਿਸ਼ਵਾਸ ਰੱਖਣ ਤੋਂ ਸਾਫ਼ ਆਕੀ ਤੇ ਇਨਕਾਰੀ ਹੈ ਉਸ ਦੀ ਅਲਪੱਗ ਬੁੱਧੀ ਉਤੇ ਵਿਸ਼ਵਾਸ ਲਿਆਉਣਾ ਮਹਾਂ ਮੂਰਖਤਾ ਹੈ, ਖ਼ਾਸ ਕਰ ਸਿੱਖਾਂ ਲਈ ਤਾਂ ਮਹਾਂ ਨਿਰਲੱਜਤਾ ਦਾ ਕਾਰਨ ਹੈ।

ਪ੍ਰੀਤ ਲੜੀ ਦੀਆਂ ਆਪਣੀਆਂ ਲਿਖਤਾਂ ਵਿਚ ਹੀ ਥਾਂ-ਪਰ-ਥਾਂ ਵਿਰੋਧ ਪਾਇਆ ਜਾਂਦਾ ਹੈ। ਕਿਤੇ ਤਾਂ ਲਿਖਿਆ ਹੈ ਕਿ 'ਓਹ ਗੁਰੂ ਨਾਨਕ ਸਾਹਿਬ

bsrstrust.org

ਦਾ ਸਿੱਖ ਹੈ', ਪਰ ਦੂਜੇ ਥਾਉਂ ਲਿਖ ਦਿਤਾ ਕਿ 'ਉਹ ਕਿਸੇ ਗੁਰੂ ਪੀਰ, ਧਰਮ ਬਾਣੀ ਅਤੇ ਪੂਜਜ ਗ੍ਰੰਥਾਂ ਉਤੇ ਵਿਸ਼ਵਾਸ ਨਹੀਂ ਰੱਖਦਾ' ਜੈਸਾ ਕਿ ਇਸੇ ਪੈਰੇ ਅੰਦਰ ਲਿਖਿਆ ਹੈ। ਤਾਂ ਉਸ ਦੀ ਕਿਹੜੀ ਗੱਲ ਉਤੇ ਤੁਸੀਂ ਵਿਸ਼ਵਾਸ ਯਕੀਨ ਲਿਆਉਗੇ ? ਉਹ ਏਸੇ ਪੈਰੇ ਵਿਚ ਲਿਖਦਾ ਹੈ ਕਿ 'ਪ੍ਰੀਤ ਲੜੀ ਨਾ ਪੰਥਕ, ਨਾ ਧਾਰਮਕ, ਨਾ ਰੂਹਾਨੀ, ਨਾ ਫ਼ਿਰਕੂ ਪਰਚਾ ਹੈ।' ਜੇ ਸੱਚ ਮੁੱਚ ਉਸ ਦੀ ਇਹ ਲਿਖਤ ਸੱਚੀ ਹੈ ਤਾਂ ਉਹ ਪੰਥਕ ਮਾਮਲਿਆਂ ਵਿਚ ਦਖ਼ਲ ਕਿਉਂ ਦਿੰਦਾ ਹੈ ? ਸ਼ਹੀਦ ਗੰਜ ਆਦਿਕ ਪੰਥਕ ਅਸਥਾਨਾਂ ਦੇ ਮੋਰਚਿਆਂ ਪ੍ਰਥਾਇ ਆਪਣੀਆਂ ਟੀਕਾ ਟਿੱਪਣੀਆਂ ਵਾਲੀ ਦਖ਼ਲ-ਅੰਦਾਜ਼ੀ ਕਿਉਂ ਕਰਦਾ ਹੈ ? ਜਦ ਉਸ ਦਾ ਪੰਥਕ ਤੇ ਧਾਰਮਕ ਮਾਮਲਿਆਂ ਵਿਚ ਕੋਈ ਦਖ਼ਲ ਤੇ ਤਅਲੁਕ ਨਹੀਂ, ਜਦ ਪ੍ਰੀਤ ਲੜੀ ਧਾਰਮਕ, ਪੰਥਕ ਰਸਾਲਾ ਹੀ ਨਹੀਂ ਤਾਂ ਉਹ ਧਾਰਮਕ ਅਤੇ ਪੰਥਕ ਗੱਲਾਂ ਸੰਬੰਧੀ ਉਟੰਕਣ ਕਿਉਂ ਕਰਦਾ ਰਹਿੰਦਾ ਹੈ ? ਉਸ ਦਾ ਕੋਈ ਪਰਚਾ ਭੀ ਖ਼ਾਲੀ ਨਹੀਂ, ਜਿਸ ਵਿਚ ਉਸ ਨੇ ਵਿੰਗੇ ਟੇਢੇ ਯਾ ਸਿਧੇ ਤਰੀਕੇ ਨਾਲ ਸਿੱਖਾਂ ਦੇ ਆਸ਼ਿਆਂ ਅਸੂਲਾਂ ਉਤੇ ਉਟੰਕਣ ਨਾ ਕੀਤਾ ਹੋਵੇ। ਅਜੇ ਉਹ ਲਿਖਦਾ ਹੈ ਕਿ 'ਪ੍ਰੀਤ ਲੜੀ ਨਾ ਪੰਥਕ, ਨਾ ਧਾਰਮਕ ਰਸਾਲਾ ਹੈ।' ਹਾਂ, ਇਸ ਦਾ ਇਹ ਅਰਥ ਜ਼ਰੂਰ ਹੈ ਕਿ ਪ੍ਰੀਤ ਲੜੀ ਕਿਸੇ ਪੰਥ ਯਾ ਧਰਮ ਨੂੰ ਨਹੀਂ ਮੰਨਦਾ, ਪਰ ਮਜ਼ਹਬ ਤੇ ਧਰਮ ਵਿਰੁੱਧ ਬਿਖ ਜ਼ਰੂਰ ਉਗਲਦਾ ਰਹਿੰਦਾ ਹੈ। ਇਹੀ ਤਾਂ ਇਸ ਗੱਲ ਦਾ ਪੱਕਾ ਸਬੂਤ ਹੈ ਕਿ ਪ੍ਰੀਤ ਲੜੀ ਪੱਕਾ ਅਧਰਮੀ, ਮਨਮਤੀ ਅਤੇ ਨਾਸਤਕ ਮਤ ਪ੍ਰਤਿਪਾਦਕ, ਮਜ਼ਹਬ ਅਤੇ ਧਰਮ ਦਾ ਕੱਟਰ ਵੈਰੀ ਰਸਾਲਾ ਹੈ। ਜੇ ਉਹ ਸੱਚ ਮੁੱਚ ਕੋਈ ਪੰਥਕ ਯਾ ਮਜ਼ਹਬੀ ਰਸਾਲਾ ਨਹੀਂ ਤਾਂ ਇਸ ਰਸਾਲੇ ਵਿਚ ਪ੍ਰੀਤ ਲੜੀ ਦਾ ਐਡੀਟਰ ਇਸ ਪ੍ਰਕਾਰ ਦਾ ਧਾਰਮਕ ਲੇਖ ਕਿਉਂ ਲਿਖਦਾ ਅਤੇ ਦਰਜ ਕਰਦਾ ਰਹਿੰਦਾ ਹੈ, ਜਿਹਾ ਕਿ 'ਮੇਰਾ ਮਜ਼ਹਬ ਕਿਸ ਤਰ੍ਹਾਂ ਉਨਤੀ ਕਰਦਾ ਹੈ', 'ਪ੍ਰੀਤ ਸੈਨਾ ਤੇ ਗੁਰੂ ਡੰਮ', 'ਮਜ਼ਹਬੀ ਫੁਟਾਂ ਸ਼ਹੀਦ ਗੰਜ ਤੇ ਜਲ੍ਹਿਆਂ ਵਾਲਾ ਬਾਗ਼ ਹੈ।' (ਦੇਖੋ ਫ਼ਰਵਰੀ ਅਤੇ ਮਾਰਚ ਦੇ ਪ੍ਰੀਤ ਲੜੀ ਦੇ ਰਸਾਲੇ)। ਜੇਕਰ ਪ੍ਰੀਤ ਲੜੀ ਸੱਚ ਮੁੱਚ ਕੋਈ ਰੂਹਾਨੀ ਰਸਾਲਾ ਨਹੀਂ ਤਾਂ ਉਸ ਵਿਚ ਐਹੋ ਜਿਹੇ ਲੇਖ ਕਿਉਂ ਛਪਦੇ ਤੇ ਦਰਜ ਹੁੰਦੇ ਹਨ-'ਨਾਮ ਅਤੇ ਸਿਮਰਨ', 'ਅਸਲੀ ਮੁਕਤੀ ਦਾ ਸੁਨੇਹਾ', 'ਨਾ ਕੋ ਵੈਰੀ ਨਾਹਿ ਬਿਗਾਨਾ', 'ਆਤਮ ਵਿਚਾਰ' ਤੇ 'ਆਸਤਕ ਤੇ ਨਾਸਤਕ' ? (ਦੇਖੋ ਪ੍ਰੀਤ ਲੜੀ ਰਸਾਲਾ ਮਹੀਨਾ ਫ਼ਰਵਰੀ, ਮਈ ਤੇ ਜੂਨ)। ਇਹ ਕੁਝ ਇਕ


bsrstrust.org

ਵੰਨਗੀ ਮਾਤਰ ਉਦਾਹਰਣ ਹਨ, ਨਹੀਂ ਤਾਂ ਪ੍ਰੀਤ ਲੜੀ ਦੀਆਂ ਲੜੀਆਂ ਐਹੋ ਜਿਹੇ ਅਨੇਕਾਂ ਉਦਾਹਰਣਾਂ ਨਾਲ ਭਰੀਆਂ ਪਈਆਂ ਹਨ। ਇਹ ਤਾਂ ਹੁਣ ਵਿਹਲੇ ਪੋਚੇ ਹਨ ਕਿ ਪ੍ਰੀਤ ਲੜੀ ਕੋਈ ਪੰਥਕ, ਧਾਰਮਕ ਅਤੇ ਰੂਹਾਨੀ ਰਸਾਲਾ ਨਹੀਂ। ਜੇ ਨਹੀਂ ਤਾਂ ਪੰਥਕ, ਧਾਰਮਕ ਅਤੇ ਰੂਹਾਨੀ ਗੱਲਾਂ ਸੰਬੰਧੀ ਲਿਖਤਾਂ ਲਿਖਣ ਦੀ ਕੀ ਲੋੜ ? ਅਤੇ ਪੰਥਕ ਅਤੇ ਮਜ਼ਹਬੀ ਮਾਮਲਿਆਂ ਵਿਚ ਮਲੋ ਮਲੀ ਦਖ਼ਲ ਦੇਣ ਦੀ ਕੀ ਲੋੜ ? ਪਰ ਨਹੀਂ, ਇਸ ਨੂੰ ਤਾਂ ਮਜ਼ਹਬਾਂ ਨੂੰ ਨਿੰਦਣ ਦਾ, ਧਰਮ-ਅਸੂਲਾਂ ਉਤੇ ਹਮਲੇ ਕਰਨ ਦਾ ਸੁਭਾਉ ਪਿਆ ਹੋਇਆ ਹੈ, ਬਲਕਿ ਸੱਚ ਤਾਂ ਇਹ ਹੈ ਕਿ ਇਸ ਰਸਾਲੇ ਦੀ ਬੁਨਿਆਦ ਹੀ ਧਾਰਮਕ ਅਤੇ ਆਸਤਕ ਤਹਿਰੀਕਾਂ ਦੀ ਮੁਖ਼ਾਲਫ਼ਤ ਕਰਨ ਹਿਤ ਧਰੀ ਗਈ ਹੈ। ਸੋ ਇਸ ਪੈਰੇ ਅੰਦਰ ਇਹ ਲਿਖਣਾ ਬਿਲਕੁਲ ਗ਼ਲਤ ਹੈ ਕਿ ਪ੍ਰੀਤ ਲੜੀ ਕੋਈ ਪੰਥਕ, ਧਾਰਮਕ ਯਾ ਰੂਹਾਨੀ ਰਸਾਲਾ ਨਹੀਂ।

ਫੇਰ ਏਸ ਪੈਰੇ ਅੰਦਰ ਉਹ ਲਿਖਦਾ ਹੈ ਕਿ "ਪ੍ਰੀਤ ਲੜੀ ਵਿਚ ਕਿਸੇ ਸਚਿਆਈ ਦਾ ਦਾਅਵਾ ਨਹੀਂ।"

ਜੇ ਇਹ ਗੱਲ ਸੱਚ ਹੈ ਤਾਂ ਇਸ ਨੂੰ ਖ਼੍ਰੀਦਣ ਵਾਲੇ ਸੱਜਣ ਸਚਿਆਰ ਨਹੀਂ ਅਤੇ ਕਿਸੇ ਭੀ ਸਚਿਆਈ ਦੇ ਗ੍ਰਾਹਕ ਯਾ ਖ਼੍ਰੀਦਾਰ ਨਹੀਂ। ਜੇ ਇਸ ਨੂੰ ਕਿਸੇ ਭੀ ਸਚਿਆਈ ਦਾ ਦਾਅਵਾ ਨਹੀਂ ਤਾਂ ਇਹ ਤੱਤਵੇਤਾ, ਸਤ-ਲਖਤਾ, ਸਤ-ਪੁਰਖਾਂ ਦੀਆਂ ਪ੍ਰਤਿਪਾਦਨ ਕੀਤੀਆਂ ਸਚਿਆਈਆਂ ਦੇ ਖੰਡਨ ਕਰਨ ਅਤੇ ਨਿਖੇਧਣ ਦੇ ਦਾਅਵੇ ਕਿਉਂ ਬੰਨ੍ਹਦਾ ਹੈ ? ਸਿਰਫ਼ ਏਸੇ ਕਰਕੇ ਕਿ ਇਹ ਆਸਤਕ ਮੱਤਾਂ ਅਤੇ ਧਰਮਾਂ ਦੀ ਨਿਖੇਧੀ ਕਰਨ ਨੂੰ ਆਪਣੀ ਮਨ-ਮੰਨੀ ਸਚਿਆਈ ਸਮਝਦਾ ਹੈ। ਇਹ ਸਭ ਇਸ ਦੀਆਂ ਪੋਚੇ ਦੀਆਂ ਗੱਲਾਂ ਹਨ, ਆਪਣੇ ਆਪ ਨੂੰ ਨੀਵਾਂ ਅਤੇ ਨਿੰਮਰੀਭੂਤ ਨਿਮਰਤਾ ਦਾ ਪੁਤਲਾ ਜਤਲਾਉਣ ਦੀ ਫੋਕੀ ਵਡਿਆਈ ਲੈਣ ਲਈ ਇਸ ਪੈਰੇ ਅੰਦਰ ਇਉਂ ਲਿਖਦਾ ਹੈ—"ਇਸ (ਪ੍ਰੀਤ ਲੜੀ) ਦਾ ਸੰਪਾਦਕ ਡਾਢੀ ਸਾਧਾਰਨ ਮਿੱਟੀ ਦਾ ਬਣਿਆ ਹੋਇਆ ਹੈ, ਜਿਸ ਵਿਚ ਸਾਧਾਰਨ ਮਨੁੱਖ ਨਾਲੋਂ ਕੋਈ ਨਿੱਕੀ ਜਿਹੀ ਵੀ ਵਿਸ਼ੇਸ਼ਤਾ ਨਹੀਂ।"

(ਨੰ: ੩)

ਕੈਸੇ ਫੋਕੀ ਲਾਪਚਾਰੀ ਵਾਲੇ ਦੰਭ-ਗਲੇਫੀ ਲਫ਼ਜ਼ ਹਨ। ਸਾਧਾਰਨ ਮਨੁੱਖ ਤੋਂ ਕੋਈ ਨਿੱਕੀ ਜਿਹੀ ਭੀ ਵਿਸ਼ੇਸ਼ਤਾ ਇਸ ਵਿਚ ਨਾ ਹੋਣ ਵਾਲੀ

ਇਸ ਦੀ ਗੰਦਮ-ਨੁਮਾਈ ਲਿਖਤ ਨੂੰ ਅਸੀਂ ਕਿਵੇਂ ਮੰਨ ਲਈਏ, ਜਦੋਂ ਇਹ ਆਪਣੇ ਲਗਾਤਾਰ ਲੇਖਾਂ ਵਿਚ ਸਾਰੇ ਧਾਰਮਕ ਹਾਦੀਆਂ ਅਤੇ ਪੀਰਾਂ, ਪੈਗ਼ੰਬਰਾਂ, ਗੁਰੂਆਂ, ਅਵਤਾਰਾਂ ਅਤੇ ਉਨ੍ਹਾਂ ਦੇ ਪ੍ਰਤਿਪਾਦਨ ਕੀਤੇ ਅਸੂਲਾਂ ਨੂੰ ਖੰਡਨ ਕਰ ਰਿਹਾ ਹੈ। ਪੰਨਾ ੧੯ ਦੇ ਕਾਲਮ ਦੂਜੇ ਤੇ ਤੀਜੇ ਪੈਰੇ ਵਿਚ ਉਹ ਸਾਫ਼ ਲਿਖਦਾ ਹੈ ਕਿ "**ਆਸਤਕ ਹੋਣ ਨੂੰ ਮੈਂ ਕੋਈ ਗੁਣ ਨਹੀਂ ਸਮਝਦਾ, ਨਾ ਨਾਸਤਕ ਹੋਣ ਦਾ ਕੋਈ ਅਉਗਣ ਖ਼ਿਆਲ ਕਰਦਾ ਹਾਂ।**" ਤਾਂ ਦੱਸੋ ਕਿ ਇਸ ਦੇ ਨਾਸਤਕਤਾ ਦਾ ਹਾਮੀ ਅਤੇ ਆਸਤਕਤਾ ਦਾ ਵਿਰੋਧੀ ਹੋਣ ਵਿਚ ਅਜੇ ਭੀ ਕੋਈ ਸ਼ੱਕ ਯਾ ਕਸਰ ਬਾਕੀ ਰਹਿ ਗਈ ਹੈ ? ਸਾਫ਼ ਕਹੀ ਜਾਂਦਾ ਹੈ ਕਿ "ਆਸਤਕ ਹੋਣ ਨੂੰ ਮੈਂ ਕੋਈ ਗੁਣ ਨਹੀਂ ਸਮਝਦਾ।" ਜੇ ਆਸਤਕ ਹੋਣ ਵਿਚ ਯਾ ਆਸਤਕਤਾ ਵਿਚ ਏਸ ਨੂੰ ਕੋਈ ਗੁਣ ਭਾਸੇ ਤਾਂ ਇਹ ਆਸਤਕ ਹੋਵੇ ਅਤੇ ਨਾਸਤਕ ਹੋਣ ਨੂੰ ਜੇ ਇਹ ਕੋਈ ਅਉਗਣ ਖ਼ਿਆਲ ਕਰੇ ਤਾਂ ਇਹ ਨਾਸਤਕ ਨਾ ਹੋਵੇ। ਚੂੰਕਿ ਇਹ ਨਾਸਤਕ ਹੋਣਾ ਕੋਈ ਅਉਗੁਣ ਖ਼ਿਆਲ ਨਹੀਂ ਕਰਦਾ, ਇਸ ਕਰਕੇ ਇਸ ਦੇ ਖ਼ਿਆਲ ਨਾਸਤਕਾਂ ਵਾਲੇ ਹਨ ਅਤੇ ਨਾਸਤਕਤਾ ਦੇ ਪੱਕੇ ਹਾਮੀ ਹਨ। ਆਸਤਕ ਨਾਸਤਕ ਦੋਹਾਂ ਨੂੰ ਮਿਲ ਕੇ ਖ਼ੁਸ਼ ਹੋਣਾ ਯਾ ਦੋਹਾਂ ਨੂੰ ਖ਼ੁਸ਼ ਕਰਨਾ ਇਹ ਤਾਂ ਅੱਜ-ਕੱਲ੍ਹ ਦੇ ਪਾਲਸੀਬਾਜ਼ਾਂ ਦਾ ਪੋਚ-ਦਿਖਲਾਵੇ ਵਾਲਾ ਫੋਕਾ ਪਰਪੰਚੀ ਇਖ਼ਲਾਕ ਹੈ। ਇਹੀ ਅੱਜ-ਕੱਲ੍ਹ ਦੀ ਨਵੀਨ ਪੋਚ ਸਿਵਲੀਜ਼ੇਸ਼ਨ (ਸਭਿਅਤਾ) ਹੈ। ਜਿਗਰੀ ਸਤਿਕਾਰ ਤਾਂ ਆਸਤਕਾਂ ਦਾ ਕੇਵਲ ਆਸਤਕਾਂ ਨੂੰ ਹੀ ਹੋ ਸਕਦਾ ਹੈ। ਆਸਤਕਾਂ ਨੂੰ ਨਾਸਤਕਾਂ ਦਾ ਕਿਹਾ ਸਤਿਕਾਰ ਪਿਆਰ ? ਜਿਨ੍ਹਾਂ ਦਾ ਆਸ਼ਾ, ਇਸ਼ਟ, ਉਪਾਸ਼ਨਾ, ਖਾਣ, ਪਾਨ, ਪਹਿਰਾਨ ਪ੍ਰਸਪਰ ਨਹੀਂ ਮਿਲਦਾ, ਉਹਨਾਂ ਦਾ ਪ੍ਰਸਪਰ ਜਿਗਰੀ ਪਿਆਰ ਸਤਿਕਾਰ ਕਦੇ ਨਹੀਂ ਹੋ ਸਕਦਾ। ਐਵੇਂ ਜ਼ਾਹਰਦਾਰੀ ਭਾਵੇਂ ਕੋਈ ਕੁਝ ਕਰ ਲਵੇ। ਜੋ ਆਸਤਕ ਨਾਸਤਕ ਮਤੀਆਂ ਨੂੰ ਅਤੇ ਆਸਤਕਾਂ ਦੇ ਧਰਮ-ਅਸੂਲਾਂ ਨੂੰ ਨਿੰਦਣ ਵਿਚ ਹੀ ਆਪਣੀ ਨੇਕ-ਸ਼ੁਆਰੀ ਸਮਝੇ, ਉਹ ਨਾਸਤਕ ਭਲਾ ਜੇ ਕਿਸੇ ਆਸਤਕ ਨੂੰ ਮਿਲਣ ਪਰ ਉਸ ਦਾ ਫ਼ੈਸ਼ਨ ਪੂਰਬਕ ਆਦਰ ਸਤਿਕਾਰ ਕਰਨ ਦੀ ਜ਼ਾਹਰਦਾਰੀ ਦਿਖਾਵੇ ਤਾਂ ਉਸ ਦਾ ਐਸਾ ਸ਼ੁਆਰ ਰੰਚਕ ਭਰ ਭੀ ਨੇਕ-ਨੀਯਤੀ ਅਤੇ ਸੁਚਿਆਰਤਾ ਉਤੇ ਮਬੰਨੀ ਨਹੀਂ।

ਪੰਨਾ ੧੯ ਦੇ ਦੂਜੇ ਕਾਲਮ ਦੇ ਅਖ਼ੀਰਲੇ ਪੈਰੇ ਵਿਚ ਪ੍ਰੀਤ ਲੜੀਆ


bsrstrust.org

ਲਿਖਦਾ ਹੈ-"ਨਿਰਾ ਆਸਤਕ ਹੋਣਾ ਹੀ ਮੇਰੀਆਂ ਨਜ਼ਰਾਂ ਵਿਚ ਕੋਈ ਵਿਸ਼ੇਸ਼ਤਾ ਨਹੀਂ ਰੱਖ ਸਕਦਾ।"

ਕਿਉਂ ਰਖੇ ? ਉਸ ਦੀਆਂ ਅੱਖਾਂ ਨਜ਼ਰਾਂ ਵਿਚ ਨਾਸਤਕਤਾ ਹੀ ਜੁ ਸਮਾਈ ਹੋਈ ਹੈ। ਨਿਰਾ ਨਾਸਤਕ ਹੋਣਾ ਉਸ ਦੀਆਂ ਨਜ਼ਰਾਂ ਵਿਚ ਜ਼ਰੂਰ ਵਿਸ਼ੇਸ਼ਤਾ ਰੱਖਦਾ ਹੈ। ਫਿਰ ਲਿਖਦਾ ਹੈ ਕਿ "ਆਸਤਕਤਾ ਮੇਰਾ ਬੁੱਤ ਨਹੀਂ।" ਠੀਕ ਕਹਿੰਦਾ ਹੈ, ਨਾਸਤਕਤਾ ਦੇ ਬੁੱਤ-ਪ੍ਰਸਤਾਂ ਨੂੰ ਹੋਰ ਬੁੱਤ ਕਾਹਨੂੰ ਭਾਉਂਦੇ ਹਨ।

ਫੇਰ ਕਹਿੰਦਾ ਹੈ ਕਿ "ਆਸਤਕਤਾ ਉਤੇ ਮੈਂ ਕਿਸੇ ਨਾਲ ਘ੍ਰਿਣਾ ਨਹੀਂ ਕਰ ਸਕਦਾ।"

ਇਹ ਗ਼ਲਤ ਹੈ। ਆਸਤਕਤਾ ਕਰਕੇ ਹੀ ਤਾਂ ਇਹ ਮਤ-ਮਤਾਂਤਰਾਂ ਦੇ ਧਾਰਮਕ ਅਤੇ ਮਜ਼ਹਬੀ ਅਸੂਲਾਂ ਵਿਰੁਧ ਨਫ਼ਰਤ ਭਰਿਆ ਜ਼ਹਿਰੀਲਾ ਪਰਚਾਰ ਕਰਦਾ ਹੈ। ਪ੍ਰੀਤ ਲੜੀ ਦੇ ਕਾਲਮਾਂ ਦੇ ਕਾਲਮ ਇਸ ਜ਼ਹਿਰੀਲੇ ਪਰਚਾਰ ਦੀਆਂ ਲਿਖਤਾਂ ਨਾਲ ਕਾਲੇ ਹੋਏ ਪਏ ਹਨ। ਹਾਂ, ਜੇ ਉਹ ਕਿਸੇ ਆਸਤਕ ਨਾਲ ਰਵੋਂ-ਰਵੀਂ ਮੁਲਾਕਾਤ ਸਮੇਂ ਆਪਣੀ ਮਿਲਣਸਾਰੀ ਜ਼ਾਹਰ ਕਰੇ ਅਤੇ ਅੰਦਰਲੀ ਘ੍ਰਿਣਾ ਦਾ ਇਜ਼ਹਾਰ ਰੋਕੀ ਰਖੇ ਤਾਂ ਇਹ ਕਿਸੇ ਮਤਲਬ ਵਾਸਤੇ ਹੀ ਐਸਾ ਰਵੱਈਆ ਕਰਦਾ ਹੋਵੇਗਾ, ਯਾ ਉਸ ਮੁਲਾਕਾਤੀ ਨੂੰ ਫੁਸਲਾਉਣ ਰੀਝਾਉਣ ਵਾਸਤੇ ਇਹ ਵਤੀਰਾ ਵਰਤਦਾ ਹੋਵੇਗਾ। ਇਹ ਆਪ ਅਨੇਕ ਵਾਰ ਲਿਖ ਚੁਕਿਆ ਹੈ ਕਿ **"ਮੈਂ ਪਖੰਡ, ਮਜ਼ਹਬ ਅਤੇ ਮਜ਼ਹਬੀ ਪਖੰਡੀਆਂ ਦੇ ਬਰਖ਼ਿਲਾਫ਼ ਹਾਂ।"**

ਪਰ ਆਪ ਦੀ ਪ੍ਰੀਤ ਲੜੀ ਦੇ ਲੇਖ ਦੱਸਦੇ ਹਨ ਕਿ ਆਪ ਦਾ ਸਾਰਾ ਵਤੀਰਾ ਤੇ ਲਿਖਤਾਂ ਪਖੰਡ-ਭਰੀਆਂ ਤੇ ਲੋਕਾਂ ਨੂੰ ਗੁਮਰਾਹ ਕਰਨ ਵਾਲੀਆਂ ਹਨ। ਪਰ ਦੇਖੋ ਪੰਨਾ ੨੦ ਦੀਆਂ ਮੁਢਲੀਆਂ ਢਾਈ ਸਤਰਾਂ ਵਿਚ ਇਹ ਹਰੀ ਕੀਰਤਨ ਕਰਨ ਵਾਲ਼ਿਆਂ ਦੇ ਬਰਖ਼ਿਲਾਫ਼ ਕੈਸੀ ਕਪਟ ਭਰੀ ਬਿਖ ਉਗਲਦਾ ਹੈ। ਉਹ ਲਿਖਦਾ ਹੈ ਕਿ **"ਮੈਂ ਜਲਸਿਆਂ ਦੀਵਾਨਾਂ ਵਿਚ ਹਰੀ ਕੀਰਤਨ ਕਰਦਿਆਂ ਨਾਸਤਕਤਾ ਦੀ ਗਰਦਨ-ਜ਼ਨੀ ਨਹੀਂ ਕਰ ਸਕਦਾ।"** ਇਸ ਦਾ ਮੀਸਣਾ ਮਤਲਬ ਇਹ ਹੈ ਕਿ ਹਰੀ ਕੀਰਤਨ ਕਰਨ ਵਾਲੇ ਆਸਤਕ ਲੋਗ ਨਾਸਤਕਤਾ ਦੀ ਗਰਦਨ-ਜ਼ਨੀ ਕਰ ਕੇ ਜਨਤਾ ਨੂੰ ਭੜਕਾਉਂਦੇ ਹਨ। ਦੇਖੋ ਇਸ ਫ਼ਿਕਰੇ ਵਿਚ ਇਹ ਹਰੀ ਕੀਰਤਨ ਅਤੇ ਹਰੀ ਕੀਰਤਨ ਕਰਨ ਵਾਲ਼ਿਆਂ

bsrstrust.org

ਦੇ ਬਰਖ਼ਿਲਾਫ਼ ਕੈਸਾ ਹਕਾਰਤ ਅਤੇ ਨਫ਼ਰਤ ਤੇ ਘਿਣਾ ਭਰਿਆ ਪਰਚਾਰ ਕਰਦਾ ਹੈ। ਇਸ ਤੋਂ ਪਹਿਲੀ ਸਤਰ ਵਿਚ ਉਹ ਲਿਖਦਾ ਹੈ ਕਿ "ਆਸਤਕਤਾ ਉਤੇ ਮੈਂ ਕਿਸੇ ਨਾਲ ਘਿਣਾ ਨਹੀਂ ਕਰ ਸਕਦਾ।" ਦੇਖਿਆ ਕੈਸਾ ਪਾਜ ਉਘੜਿਆ ? ਇਸ ਲਿਖਤ ਦਾ ਦੂਜੀ ਨਾਲ ਦੀ ਸਤਰ ਵਿਚ ਹੀ ਹਰੀ ਕੀਰਤਨ ਕਰਨਹਾਰੇ, ਆਸਤਕਾਂ ਉਤੇ ਹੀ ਇਹ ਘਿਣਾ ਭਰੀ ਬੇ-ਬੁਨਿਆਦ ਤੁਹਮਤ ਲਾਉਂਦਾ ਹੈ ਕਿ ਹਰੀ ਕੀਰਤਨ ਕਰਨਹਾਰੇ ਹਰੀ ਕੀਰਤਨ ਕਰਦੇ ਹੋਏ ਨਾਸਤਕਤਾ ਦੀ ਗਰਦਨ-ਜ਼ਨੀ ਕਰਦੇ ਹਨ ਅਤੇ ਜਨਤਾ ਨੂੰ ਭੜਕਾਉਂਦੇ ਹਨ। ਕੈਸਾ ਕੂੜਾਵਾ ਇਲਜ਼ਾਮ ਹੈ ? ਹਰੀ ਕੀਰਤਨ ਕਰਨਾ ਏਸ ਦੇ ਕੁਹਜੇ ਖ਼ਿਆਲ ਅੰਦਰ ਨਾਸਤਕਤਾ ਦੀ ਗਰਦਨਜ਼ਨੀ ਕਰਨਾ ਹੈ। ਹਰੀ ਕੀਰਤਨ ਦੇ ਅਰਥ ਹਰੀ ਜਸ ਗਾਉਣ ਦੇ ਹਨ, ਨਾ ਕਿ ਨਾਸਤਕਤਾ ਦੀ ਗਰਦਨਜ਼ਨੀ ਦਾ ਉਪਦੇਸ਼ ਕਰ ਕੇ ਜਨਤਾ ਭੜਕਾਉਣ ਦੇ। ਨਾਸਤਕਾਂ ਨੂੰ ਹਰੀ ਕੀਰਤਨ ਸੁਨਾਉਣਾ ਜ਼ਰੂਰੀ ਨਹੀਂ, ਪਰ ਹਰੀ ਕੀਰਤਨ ਕਰਨਹਾਰੇ, ਨਾਸਤਕਾਂ ਨੂੰ ਸੁਣਾਉਣ ਲਈ ਤਾਂ ਹਰੀ ਕੀਰਤਨ ਨਹੀਂ ਕਰਦੇ, ਉਹ ਤਾਂ ਨਿਰੋਲ ਅਤੇ ਨਿਰਬਾਣ ਕੀਰਤਨ ਆਪਣੇ ਆਤਮ-ਅਨੰਦ ਹਿਤ ਕਰਦੇ ਹਨ ਅਤੇ ਸਤਿਗੁਰੂ ਦਾ ਇਹ ਹੁਕਮ ਮੰਨ ਕੇ ਕਰਦੇ ਹਨ—"ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ[੧]।" ਹੋਰ ਤਾਂ ਸਭ ਜਨਤਾ ਹਰੀ ਕੀਰਤਨ ਸੁਣ ਕੇ ਨਿਹਾਲ ਹੋ ਜਾਂਦੀ ਹੈ, ਪਰ ਨਾਸਤਕ ਕੁੱਰਾ-ਏ-ਹਵਾਈ ਵਾਲੀ ਜਨਤਾ ਦੀ ਐਵੇਂ ਹੀ ਗਰਦਨਜ਼ਨੀ ਹੁੰਦੀ ਫਿਰਦੀ ਹੈ। ਜੇ ਕੋਈ ਭੁਲਿਆ ਚੁਕਿਆ ਨਾਸਤਕ, ਆਸਤਕਾਂ ਦੇ ਹਰੀ ਕੀਰਤਨ-ਮੰਡਲੀ ਸਤਸੰਗ ਵਿਚ ਆ ਬੈਠੇ, ਉਸ ਨੂੰ ਦੋ ਮਿੰਟ ਭੀ ਓਥੇ ਬੈਠਣਾ ਦੁੱਭਰ ਹੋ ਜਾਂਦਾ ਹੈ, ਕਿਉਂਕਿ ਉਸ ਨੂੰ ਹਰੀ ਕੀਰਤਨ ਫ਼ਿਤਰਤਨ ਹੀ ਸੁਖਾਉਂਦਾ ਨਹੀਂ। ਨਾਸਤਕਾਂ ਦੀ ਫ਼ਿਤਰਤ ਹੀ ਹਰੀ ਕੀਰਤਨ ਦੇ ਉਲਟ ਜੁ ਹੋਈ। ਹਰੀ ਕੀਰਤਨ ਨਿਰੋਲ ਆਸਤਕਾਂ ਦਾ ਇਸ਼ਕ-ਵਲਵਲਾ ਹੈ। ਨਿਰਬਾਣ ਕੀਰਤਨ ਕਰਦਿਆਂ ਨਾ ਕਿਸੇ ਦਾ ਖੰਡਨ, ਨਾ ਮੰਡਨ ਅਤੇ ਨਾ ਕੋਈ ਲੈਕਚਰ ਵਖਿਆਨ ਹੁੰਦਾ ਹੈ, ਤਾਂ ਹਰੀ ਕੀਰਤਨ ਕਰਦਿਆਂ ਨਾਸਤਕਾਂ ਦੀ ਗਰਦਨਜ਼ਨੀ ਕਿਵੇਂ ਹੋ ਜਾਂਦੀ ਹੈ ? ਜਨਤਾ ਦੀ ਭੜਕਾਹਟ ਭਲਾ ਹਰੀ ਕੀਰਤਨ ਕਰਦਿਆਂ ਕਿਵੇਂ ਭੜਕ ਪੈਂਦੀ ਹੈ ? ਇਹ ਅਨੋਖਾ ਮਸਲਾ ਇਸ ਪ੍ਰੀਤ ਲੜੀਏ ਨੇ ਘੜਿਆ ਹੈ।

੧. ਸੂਹੀ ਮ: ੫, ੧॥੩॥੫੦, ਪੰਨਾ ੭੪੭



bsrstrust.org

(ਨੰ: ੪)

ਪੰਨਾ ੨੦ ਦੇ ਪਹਿਲੇ ਕਾਲਮ ਦੇ ਤੀਜੇ ਪੈਰੇ ਵਿਚ ਲਿਖਿਆ ਹੈ—"ਮੇਰੇ ਲਈ ਆਸਤਕਤਾ ਜਾਂ ਨਾਸਤਕਤਾ, ਘ੍ਰਿਣਾ ਤੇ ਮੁਹੱਬਤ ਦਾ ਸਵਾਲ ਨਹੀਂ, ਜੀਕਰ ਇਹ ਭਾਈ ਸਾਹਿਬ ਲਈ ਜਾਪਦਾ ਹੈ।"

ਇਹ ਸਰਾਸਰ ਮੁਗ਼ਾਲਤਾ-ਅਮੇਜ਼ ਢਕੌਂਸਲਾ ਹੈ। ਉਸ ਦੀ ਆਪਣੀ ਲਿਖਤ ਤੋਂ ਹੀ ਇਹ ਗੱਲ ਸਿੱਧ ਹੋ ਚੁਕੀ ਹੈ ਅਤੇ ਆਸਤਕਤਾ ਨਾਲ ਖ਼ੁਣਸ ਭਰੀ ਬਿਪ੍ਰੀਤ ਹੈ। ਸਾਨੂੰ ਪ੍ਰੀਤ ਲੜੀ ਦੇ ਘ੍ਰਿਣਾ ਮੁਹੱਬਤੀ ਸਵਾਲ ਨਾਲ ਕੋਈ ਸਰੋਕਾਰ ਨਹੀਂ। ਅਸੀਂ ਤਾਂ ਉਸ ਦੀ ਇਹ ਪਖੰਡ ਚਾਲ ਦੇਖਣੀ ਹੈ ਕਿ ਇਜ਼ਹਾਰ ਤਾਂ ਕਰੇ ਉਹ ਆਪਣੇ ਆਪ ਨੂੰ ਸਿੱਖ ਆਸਤਕਤਾ ਦੱਸਣ ਦਾ, ਪਰ ਪਰਚਾਰ ਕਰੇ ਨਾਸਤਕਤਾ ਦਾ ਅਤੇ ਗੁਰਸਿੱਖਾਂ ਨੂੰ ਬਹੁਰੂਪੀਆ ਹੋ ਕੇ ਬਹਿਕਾਵੇ। ਜੇ ਉਸ ਦਾ ਕੋਈ ਮਜ਼ਹਬ ਨਹੀਂ, ਜੇ ਉਹ ਸਿੱਖ ਨਹੀਂ ਅਤੇ ਉਸ ਦਾ ਸਿੱਖੀ ਉਤੇ ਕੋਈ ਵਿਸ਼ਵਾਸ ਨਹੀਂ ਤਾਂ ਉਹ ਸਿੱਖਾਂ ਵਾਲੀ ਸ਼ਕਲ ਦਾ ਬਹੁਰੂਪੀਆਪਣ ਛੱਡ ਦੇਵੇ, ਤਾਂ ਕਿ ਸਿੱਖ ਉਸ ਨੂੰ ਸਿੱਖ ਸਮਝ ਕੇ ਨਾ ਭਰਮਣ ਅਤੇ ਸਿੱਖੀ ਨੂੰ ਤਿਲਾਂਜਲੀ ਨਾ ਦੇਣ। ਅਨੇਕਾਂ ਨੌਜੁਆਨ ਸਿੱਖਾਂ ਨੂੰ ਏਸ ਨੇ ਗੁਰਸਿੱਖੀ ਤੋਂ ਮੁਨਹਰਫ਼ ਕੀਤਾ ਹੈ ਅਤੇ ਅਨੇਕਾਂ ਨੂੰ ਉਸ ਨੇ ਆਚਰਨਹੀਨ ਆਜ਼ਾਦ-ਖ਼ਿਆਲੀਆ ਕਰ ਕੇ ਗੁਰਮਤਿ ਤੋਂ ਗੁਮਰਾਹ ਕੀਤਾ ਹੈ। ਅਤੇ ਬਹੁਤਾ ਸਿੱਖਾਂ ਨੂੰ ਕੀਤਾ ਹੈ, ਜੋ ਉਸ ਦੀ ਸਿੱਖ ਸ਼ਕਲ ਅਤੇ ਸਿੱਖੀ ਖ਼ਿਆਲਾਂ ਦੀ ਰਿਆਕਾਰੀ ਉਤੇ ਭਰਮ ਕੇ ਭੁਲੇਖਾ ਖਾ ਜਾਂਦੇ ਹਨ। ਪ੍ਰੀਤ ਲੜੀ ਦੀ ਕੁਢੰਗੀ, ਦੂਰੰਗੀ ਚਾਲ ਦਿਨੋ ਦਿਨ ਅਲੜ੍ਹ ਸਿੱਖ ਨੌਜੁਆਨਾਂ ਨੂੰ ਭੁਚਲਾਉਣ ਲਈ ਮਿੱਠੀ ਛੁਰੀ ਵਾਲਾ ਕੰਮ ਕਰ ਰਹੀ ਹੈ। ਅਸਾਡਾ ਇਹ ਜਿਗਰੀ ਜਜ਼ਬਾ ਹੈ ਕਿ ਦੁਨੀਆ ਉਤੇ ਕੋਈ ਭੀ ਨਾਸਤਕ ਨਾ ਰਹੇ ਅਤੇ ਗੁਰੂ ਕਰਤਾਰ ਤੋਂ ਗੁਮਰਾਹ ਨਾ ਹੋਵੇ। ਨਾਸਤਕਾਂ ਨੂੰ ਸੋਧ ਕੇ, ਪਿਆਰ ਪੁਚਕਾਰ ਕੇ, ਝਿੜਕ ਝੰਬ ਕੇ ਜਿਵੇਂ ਭੀ ਹੋਵੇ, ਆਸਤਕ ਬਣਾਉਣਾ ਇਹ ਸਾਡਾ ਹਾਰਦਿਕ ਪ੍ਰੀਤ-ਪਿਆਰ ਹੈ। ਅਲ੍ਹੜ ਨਵਬਿਗੜੇ ਨਾਸਤਕਾਂ ਨੂੰ ਤਾਂ ਅਸੀਂ ਪ੍ਰੀਤ-ਪਿਆਰ ਦੀ ਲੋਰੀ ਦੇ ਕੇ ਭੀ ਸਮਝਾ ਸਕਦੇ ਹਾਂ ਅਤੇ ਗੁਰਮਤਿ ਮਾਰਗ ਤੋਂ ਬੇਮੁਖ ਹੋਇਆਂ ਨੂੰ ਫੇਰ ਸੁਮਾਰਗ ਪਾ ਸਕਦੇ ਹਾਂ, ਪਰ ਪ੍ਰੀਤ ਲੜੀ ਦੇ ਸੰਪਾਦਕ ਨਾਸਤਕ ਦੀ ਹਾਲਤ ਬੜੀ ਹੀ ਤਰਸਯੋਗ ਹੈ। ਇਹ ਇਤਨਾ ਗੁਰਮਤਿ ਆਸਤਕਤਾ ਤੋਂ ਗਮਰੁੱਠ ਹੋ ਗਿਆ ਹੈ, ਜਿਸ ਦਾ ਇਲਾਜ ਏਸ ਦੇ ਲੇਖਾਂ ਦੀ ਕਰੜੀ ਸੋਧ-ਸੁਧਾਈ

bsrstrust.org

ਕਰਨ ਤੋਂ ਬਿਨਾਂ ਹੋਰ ਹੋ ਹੀ ਕੁਝ ਨਹੀਂ ਸਕਦਾ। ਇਹ ਭੀ ਦਰ-ਅਸਲ ਸਾਡਾ ਪਿਆਰ ਹੈ, ਜੋ ਉਸਦੇ ਸੁਧਾਰ ਹਿਤ ਹੀ ਅਸਾਡੇ ਹਿਰਦੇ ਅੰਦਰ ਪੇਚੋਤਾਬ ਖਾ ਰਿਹਾ ਹੈ। ਉਹ ਖ਼ੁਦ ਰਸਾਤਲ ਨੂੰ ਜਾ ਰਿਹਾ ਹੈ, ਪਰ ਉਸ ਨੂੰ ਭੈ ਨਹੀਂ, ਉਸ ਨੂੰ ਪਰਵਾਹ ਨਹੀਂ, ਉਸ ਨੂੰ ਗਿਆਨ ਨਹੀਂ ਕਿ ਸੱਚ ਮੁੱਚ ਮੈਂ ਰਸਾਤਲ ਨੂੰ ਜਾ ਰਿਹਾ ਹਾਂ। ਉਹ ਗੁਰਸਿੱਖੀ ਜੀਵਨ ਤੋਂ ਬੇਮੁਖ ਹੋ ਕੇ ਹੋਰ ਗੁਰਸਿੱਖਾਂ ਨੂੰ ਗੁਰਸਿੱਖੀ ਤੋਂ ਬੇਮੁਖ ਕਰਾ ਰਿਹਾ ਹੈ ਅਤੇ ਦੀਦਾ-ਦਾਨਿਸਤਾ ਕਰਾ ਰਿਹਾ ਹੈ। ਅਸਾਡਾ ਇਹ ਅਨਿੰਨ ਭਰੋਸਾ ਹੈ ਕਿ ਹਰ ਪ੍ਰਾਣੀ ਮਾਤਰ ਦੀ ਕਲਿਆਣ ਜੋ ਹੋਣੀ ਹੈ, ਗੁਰਮਤਿ ਮਾਰਗ ਤੇ ਚੱਲ ਕੇ ਹੀ ਹੋਣੀ ਹੈ। ਪ੍ਰਾਣੀ ਮਾਤਰ ਨੂੰ ਜੇ ਬਿਵਹਾਰਕ ਜਾਂ ਪ੍ਰਮਾਰਥਕ ਸਫਲਤਾ ਪ੍ਰਾਪਤ ਹੋਣੀ ਹੈ ਤਾਂ 'ਗੁਰਮੁਖ ਗਾਡੀ ਰਾਹ' ਉਤੇ ਚੱਲ ਕੇ ਹੋਣੀ ਹੈ। ਅਸੀਂ ਆਪਣੇ ਏਸ ਅਨਿੰਨ ਭਰੋਸੇ ਦੇ ਅਧੀਨ ਹੋ ਕੇ ਸਾਰੇ ਜਗਤ ਨੂੰ ਏਸ ਕਲਿਆਨ ਸੁਖਦਾਈ ਮਾਰਗ ਉਤੇ ਆਇਆ ਦੇਖ ਕੇ ਹੀ ਪ੍ਰਸੰਨ ਹੁੰਦੇ ਹਾਂ। ਇਹ ਅਸਾਡਾ ਜਿਗਰੀ ਪਿਆਰ ਹੈ ਅਤੇ ਅੰਦਰੋਂ ਬਾਹਰੋਂ ਇਕ ਹੋ ਕੇ ਅਸੀਂ ਇਸ ਪਿਆਰ ਦਾ ਨਗਾਰਾ ਬਜਾਉਂਦੇ ਹਾਂ। ਨਾਸਤਕਾਂ ਨੂੰ ਕਲਿਆਨ ਸੁਖ ਸਰਧਤਾ ਦੀ ਕੂੜਾਵੀ ਲੋਰੀ ਦੇ ਕੇ ਅਸੀਂ ਨਾਸਤਕਤਾ ਨਾਲ ਦੁਪਿਆਰ ਕਮਾਉਣ ਨੂੰ ਬੜੀ ਘ੍ਰਿਣਤ ਰਿਆਕਾਰੀ ਸਮਝਦੇ ਹਾਂ, ਕਿਉਂਕਿ ਅਸਾਨੂੰ ਮਨ ਬਚ ਕਰਮ ਕਰਕੇ ਇਹ ਗੱਲ ਪ੍ਰਪੱਕ ਤੌਰ ਤੇ ਨਿਸਚਿਤ ਹੋ ਗਈ ਹੈ ਕਿ ਨਾਸਤਕਾਂ ਦਾ ਕਦੇ ਵੀ ਉਧਾਰ ਨਹੀਂ ਹੋਣਾ, ਜਦੋਂ ਤਾਈਂ ਕਿ ਉਹ ਨਾਸਤਕਤਾ ਨੂੰ ਛੱਡ ਕੇ ਆਸਤਕਤਾ ਦੇ ਚਰਨ ਨਹੀਂ ਚੁੰਮਦੇ। ਪ੍ਰੀਤ ਲੜੀ ਦੇ ਸੰਪਾਦਕ ਨੂੰ ਅਸੀਂ ਬੜੇ ਤਰਸ ਭਰੇ ਪਿਆਰ ਨਾਲ ਫੇਰ ਚੇਤਾਵਨੀ ਕਰਾਉਂਦੇ ਹਾਂ ਕਿ ਉਹ ਛੇਤੀ ਤੋਂ ਛੇਤੀ ਨਾਸਤਕਤਾ ਦਾ ਪਿਆਰ-ਪਰਚਾਰ ਛੱਡ ਦੇਵੇ।

ਪੰਨਾ ੨੦ ਕਾਲਮ ਇਕ ਦੇ ਛੇਕੜਲੇ ਪੈਰੇ ਵਿਚ ਪ੍ਰੀਤ ਲੜੀਏ ਜੀ ਲਿਖਦੇ ਹਨ—"ਮੇਰੇ ਲਈ ਇਸ ਗੱਲ ਦੀ ਕੋਈ ਕੀਮਤ ਨਹੀਂ ਕਿ ਫਲਾਣੇ ਭਾਈ ਸਾਹਿਬ ਅੱਠ ਘੰਟੇ ਭੋਰੇ ਵਿਚ ਵੜ ਕੇ ਆਪਣੇ ਰੱਬ ਦੀ ਪੂਜਾ ਕਰਦੇ ਹਨ, ਮੈਂ ਤਾਂ ਇੰਨਾ ਜਾਣਨਾ ਚਾਹੁੰਦਾ ਹਾਂ ਕਿ ਉਹ ਭਾਈ ਸਾਹਿਬ ਦੂਜਿਆਂ ਦਾ ਕਿੰਨਾ ਕੁ ਆਦਰ ਕਰਦੇ ਹਨ।"

ਹੇ ਆਦਰ ਦੇ ਭੁਖੇ ਪ੍ਰੀਤ-ਆਦਰੀ ਐਡੀਟਰ ਜੀ ! ਆਪ ਦੇ ਇਸ ਅਕੀਦੇ ਤੋਂ ਐਨ ਉਲਟ ਮੈਂ ਇਹ ਗੱਲ ਬਰਮਲਾ ਕਹਿੰਦਾ ਹਾਂ ਕਿ ਆਪ ਦੀ ਕਦਰ ਕੀਮਤ ਕਰਾਉਣ ਨਾਲ ਭੋਰੇ ਵਿਚ ਵੜ ਕੇ ਆਪਣੇ ਰੱਬ ਦੀ ਪੂਜਾ ਕਰਨ


bsrstrust.org

ਵਾਲੇ ਦੀ ਕਦਰ ਕੀਮਤ ਘੱਟ ਵੱਧ ਨਹੀਂ ਜਾਂਦੀ, ਰੱਬ ਦੀ ਭਾਉ ਭਗਤੀ ਮਈ ਅਨਿਕ ਰੰਗੀ ਬਹੁ-ਤਰੰਗੀ ਘਾਲਣਾ ਚਾਹੇ ਉਹ ਭੋਰੇ ਵਿਚ ਵੜ ਕੇ ਕਰੇ, ਚਾਹੇ ਸਾਧ ਸੰਗ ਰੂਪੀ ਗੁਰ-ਗੁਫਾ ਵਿਚ ਬਹਿ ਕੇ ਕਰੇ, ਚਾਹੇ ਗ੍ਰਿਹਸਤ ਵਿਚ ਪ੍ਰਵਿਰਤ ਨਿਰਵਿਰਤ ਹੋ ਕੇ ਕਰੇ, ਕਦੇ ਭੀ ਅਜਾਈਂ ਨਹੀਂ ਜਾਂਦੀ। ਭਾਵੇਂ ਆਪ ਜੈਸੇ ਭਾਉ-ਭਗਤੀਓਂ ਅਸ਼ਰਧਕ ਲੱਖਾਂ ਨਾਸਤਕ ਉਸ ਘਾਲਣਾ ਦੀ ਕੀਮਤ ਪਾਉਣ ਯਾ ਨਾ ਪਾਉਣ, ਆਪ ਦੀ ਆਦਰ ਨਿਰਾਦਰੀ ਸ਼ਲਾਘਾ ਦਾ ਸਰਟੀਫ਼ਿਕੇਟ ਲੈਣ ਦੀ ਨਿਸ਼ਕਾਮ ਭਗਤ ਜਨਾਂ ਨੂੰ ਰੰਚਕ ਪ੍ਰਵਾਹ ਨਹੀਂ। ਜਦ ਉਹ ਆਪ ਦਾ ਆਦਰ ਯਾ ਆਪ ਦੀ ਪਾਈ ਕੀਮਤ ਨਹੀਂ ਚਾਹੁੰਦੇ ਤਾਂ ਆਪ ਉਨ੍ਹਾਂ ਨੂੰ ਆਪਣੇ ਰੱਬ ਦੀ ਪੂਜਾ ਕਰਦਿਆਂ ਨੂੰ ਚਿਤਾਰ ਕੇ ਖ਼ਾਹ-ਮਖ਼ਾਹ ਕਿਉਂ ਦੁਖੀ ਹੁੰਦੇ ਹੋ ਅਤੇ ਕਿਉਂ ਘ੍ਰਿਣਾ ਕਰਦੇ ਹੋ ਅਤੇ ਘ੍ਰਿਣਾ ਮਈ ਮੇਹਣੇ ਮਾਰਦੇ ਹੋ ? ਤੁਹਾਡੇ ਕੋਈ ਖਹਿੜੇ ਪਿਆ ਹੋਇਆ ਹੈ ਕਿ ਤੁਸੀਂ ਜ਼ਰੂਰ ਰੱਬ ਦੀ ਪੂਜਾ ਕਰਨਹਾਰਿਆਂ ਦੀ ਕਦਰ ਕੀਮਤ ਪਾਓ ? ਤੁਸੀਂ ਕਿਉਂ ਐਵੇਂ ਇੰਨੇ ਔਖੇ ਹੋ ਰਹੇ ਹੋ ? ਜੇ ਕਿਸੇ ਭਾਈ ਸਾਹਿਬ ਨੇ ਚਿਲਿਆਂ, ਭੋਰਿਆਂ ਤੇ ਸਮਾਧੀਆਂ ਦਵਾਰਾ ਆਸਤਕਤਾ ਕਮਾਈ ਹੈ ਯਾ ਪੱਕੀ ਕੀਤੀ ਹੈ ਤਾਂ ਉਸ ਨੇ ਆਪਣੀ ਖ਼ਾਤਰ ਕੀਤੀ ਹੈ, ਆਪਣੇ ਪਰਮਾਰਥੀ ਲਾਹੇ ਲਈ ਕੀਤੀ ਹੈ, ਨਾ ਕਿ ਆਪ ਜੈਸੇ ਨਾਸਤਕਾਂ ਦਾ ਆਦਰ ਸਤਿਕਾਰ ਵਿਹਾਜਣ, ਉਗਰਾਹੁਣ ਲਈ ਕੀਤੀ ਹੈ। ਤੁਸੀਂ ਆਪਣੇ ਸਤਿਕਾਰ ਦਾ ਬੜਾ ਮਾਣ ਰਖਦੇ ਹੋ। ਮਾਨੋ ਤੁਹਾਡੇ ਆਦਰ ਸਤਿਕਾਰ ਨੂੰ ਉਧਾਰਾ ਲਏ ਬਗ਼ੈਰ ਕਿਸੇ ਦਾ ਨਿਸਤਾਰਾ ਹੀ ਨਹੀਂ ਹੁੰਦਾ।

ਅਗੇ ਚੱਲ ਕੇ ਉਹ ਕਿਹਾ ਹਾਸੋਹੀਣਾ ਫ਼ਿਕਰਾ ਲਿਖਦਾ ਹੈ ਕਿ "ਚਿਲਿਆਂ, ਭੋਰਿਆਂ ਤੇ ਸਮਾਧੀਆਂ ਦੁਆਰਾ ਪੱਕੀ ਕੀਤੀ ਆਸਤਕਤਾ ਮੇਰੇ ਕੋਲੋਂ ਭੋਰਾ ਭਰ ਭੀ ਸਤਿਕਾਰ ਨਹੀਂ ਲੈ ਸਕਦੀ, ਜੇ ਉਸ ਵਿਚ ਮੇਰੇ ਲਈ ਘੱਟ ਤੋਂ ਘੱਟ ਓਨਾ ਆਦਰ ਭੀ ਨਹੀਂ ਜਿੰਨਾ ਮੇਰੇ ਵਿਚ ਉਸ ਲਈ ਹੈ।"

ਜਿਸ ਦਾ ਮਤਲਬ ਇਹ ਹੈ ਕਿ ਆਦਰ ਦੇ ਵਟਾਂਦਰੇ ਦੀ ਸ਼ਰਤ ਨਾਲ ਉਹ (ਐਡੀਟਰ ਪ੍ਰੀਤ ਲੜੀ) ਆਸਤਕਤਾ ਦਾ ਸਤਿਕਾਰ ਕਰ ਸਕਦੇ ਹਨ, ਅਸੂਲਨ ਨਹੀਂ। ਆਦਰ ਦੀ ਚਾਪਲੋਸੀ ਨਾਲ ਤਾਂ ਉਹ ਭੋਰਿਆਂ ਚਿਲਿਆਂ ਵਿਚ ਸਮਾਧੀਆਂ ਲਾਉਣ ਨੂੰ ਭੀ ਸਲਾਹੁਣ ਲੱਗ ਜਾਣਗੇ, ਜੇ ਉਸ ਦਾ ਆਪਣਾ ਆਦਰ ਨਹੀਂ ਹੁੰਦਾ ਤਾਂ ਉਹ ਜ਼ਰੂਰ ਭੋਰਿਆਂ, ਚਿਲਿਆਂ ਤੇ ਸਮਾਧੀਆਂ ਦਾ ਨਿਰਾਦਰ ਕਰੇਗਾ। ਵਾਹ ! ਕੈਸੀ ਅਸੂਲ-ਪ੍ਰਸਤੀ ਹੈ ?

ਉਹ ਆਪਣੇ ਆਪ ਨੂੰ ਗੁਨਾਹਗਾਰ ਤਾਂ ਮੰਨਦਾ ਹੈ, ਪਰ ਮਹਿਜ਼ ਆਪਣੀ ਪਾਰਸਾਈ ਦਾ ਪਾਖੰਡ ਦਿਖਾਉਣ ਨੂੰ। ਆਸਤਕਾਂ ਦੀ ਪਾਰਸਾਈ ਉਪਰ ਤਾਂ ਕੁਤਰਕ ਕਰਦਾ ਹੈ, ਪਰ ਨਾਲ ਹੀ ਆਪਣੇ ਅਦਬ, ਇਖ਼ਲਾਕ ਅਤੇ ਠਾਰ-ਠਰੰਮੇ ਵਾਲੀ ਬਰਦਾਸ਼ਤ ਨੂੰ ਆਸਤਕ ਪਾਰਸਾਈ ਬਰਦਾਸ਼ਤ ਤੋਂ ਵਿਸ਼ੇਸ਼ਤਾ ਭੀ ਆਪਣੇ ਆਪ ਹੀ ਦੇਈ ਜਾਂਦਾ ਹੈ। ਇਹ ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਵਾਲੀ ਗੱਲ ਹੈ। ਪੰਨਾ ੨੦ ਕਾਲਮ ੨ ਦੇ ਦੂਜੇ ਤੀਜੇ ਪੈਰੇ ਵਿਖੇ ਫੇਰ ਹੋਰ ਮੁਗ਼ਾਲਤਾ ਫੈਲਾਉਂਦਾ ਹੈ। ਮੈਂ ਉਸ ਨੂੰ ਸੰਗਤਾਂ ਪ੍ਰਤੀ ਕੇਵਲ ਏਸੇ ਦਲੀਲ ਉਤੇ ਹੀ ਨਾਸਤਕ ਨਹੀਂ ਜਣਾਉਂਦਾ ਕਿ ਉਹ ਡਾਰਵਨ ਦੀ ਥਿਊਰੀ ਨੂੰ ਮੰਨਦਾ ਹੈ ਯਾ ਉਨ੍ਹਾਂ ਨੂੰ ਸਲਾਹੁੰਦਾ ਹੈ। ਉਸ ਦੀ ਨਾਸਤਕਤਾ ਤਾਂ ਉਸ ਦੇ ਹਰ ਰਗੋ ਰੇਸ਼ੇ ਤੋਂ ਟਪਕ ਰਹੀ ਹੈ। ਉਸ ਦੇ ਪ੍ਰੀਤ ਲੜੀ ਲੇਖਾਂ ਵਿਚ ਵਿਚਾਰ, ਉਸ ਦੇ ਆਪਣੇ ਅਕੀਦਿਆਂ ਤੋਂ ਹੀ ਡੁੱਲ੍ਹ ਡੁੱਲ੍ਹ ਪੈਂਦੀ ਹੈ, ਉਹ ਸਮੂਹ ਆਸਤਕ ਮੱਤਾਂ ਅਤੇ ਡਾਰਵਨ ਥਿਊਰੀ ਅਤੇ ਬੁੱਧ ਮੱਤ ਆਦਿਕ ਨਾਸਤਕ ਮੱਤਾਂ ਨੂੰ ਜ਼ਿਆਦਾ ਤਰਜੀਹ ਦਿੰਦਾ ਹੈ। ਇਹ ਭੀ ਉਸ ਦੇ ਨਾਸਤਕ ਹੋਣ ਦੀ (ਹੋਰ ਅਨੇਕਾਂ ਦਲੀਲਾਂ ਵਿਚੋਂ) ਇਕ ਦਲੀਲ ਹੈ, ਜੋ ਉਸ ਨੇ ਆਪਣੀ ਪ੍ਰੀਤ ਲੜੀ ਦੇ ਪਾਰਸਾਈ ਭਰੇ ਲੇਖ ਵਿਚ ਜਣਾਈ ਹੈ ਕਿ ਮਿਸਟਰ ਜਵਾਹਰ ਲਾਲ ਨਹਿਰੂ, ਜੋ ਰੱਬ ਦਾ ਨਾਉਂ ਭੀ ਆਪਣੇ ਕੰਨਾਂ ਵਿਚ ਸੁਣਨਾ ਨਹੀਂ ਚਾਹੁੰਦਾ, ਜੋ ਅਦਾਲਤਾਂ ਵਿਚ ਗਵਾਹੀ ਦਿੰਦਾ ਹੋਇਆ ਰੱਬ ਦੇ ਨਾਉਂ ਦੀ ਕਸਮ ਖਾਣੋਂ ਭੀ ਨਫ਼ਰਤ ਕਰਦਾ ਹੈ, ਕਿ ਮਤੇ ਇਸ ਕਸਮ ਵਿਚ ਰੱਬ ਦਾ ਮੰਨਣਹਾਰਾ ਨਾ ਗਰਦਾਨਿਆ ਜਾਏ, ਉਸ ਮਿਸਟਰ ਨਹਿਰੂ ਨੂੰ ਉਹ ਜ਼ਮਾਨਾ-ਹਾਲ ਅਤੇ ਜ਼ਮਾਨਾ-ਸਲਫ਼ ਦੇ ਸਮੱਗਰ ਆਸਤਕ ਨੇਤਾਵਾਂ, ਪੀਰਾਂ, ਪੈਗ਼ੰਬਰਾਂ ਅਤੇ ਗੁਰੂਆਂ ਤੇ ਤਰਜੀਹ ਦਿੰਦਾ ਹੈ। ਸ੍ਰੀ ਦਸਮੇਸ਼ ਜੀ ਦੇ ਚਲਾਏ ਗੁਰਮਤਿ ਗਾਡੀ ਰਾਹ ਸਰਬੋਤਮ ਸਾਂਝੀਵਾਲ ਮਾਰਗ ਖਾਲਸਾ ਪੰਥ ਨੂੰ ਤਾਂ ਉਹ ਆਪਣੇ ਲੇਖਾਂ ਵਿਚ ਇਕ ਤੰਗ ਪੱਗਡੰਡੀ ਦੱਸ ਕੇ ਛੁਟਿਆਉਂਦਾ ਹੈ ਅਤੇ ਜੈਨ ਮਤੀ ਮਹਾਤਮਾਂ ਗਾਂਧੀ ਅਤੇ ਉਸ ਦੇ ਰੱਬ ਤੋਂ ਮੁਨਕਰ ਚੇਲੇ ਪੰਡਤ ਜਵਾਹਰ ਲਾਲ ਨਹਿਰੂ ਦੇ ਅਹਿੰਸਾ ਅਤੇ ਸੋਸ਼ਲਿਸਟਕ ਦਹਿਰੀਆ-ਪਨ ਆਸਤਕਤਾ ਦੇ ਪਰਚਾਰ ਨੂੰ ਵਧੀਆ ਸ਼ਾਹ-ਰਾਹ ਕਹਿ ਕੇ ਵਡਿਆਉਂਦਾ ਹੈ। ਏਸ ਤੋਂ ਵੱਧ ਉਸ ਦੀ ਨਾਸਤਕਤਾ ਦੇ ਬਿਪ੍ਰੀਤ ਦਾ ਕੀ ਸਬੂਤ ਹੋ ਸਕਦਾ ਹੈ ? ਸਤਿਪੁਰਖ


bsrstrust.org

ਦਾ ਇਹ ਕੁਹਜਾ ਸਤਿਕਾਰ ਹੈ। ਦੇਖੋ ਏਸੇ ਲੇਖ ਵਿਚ ਸਾਫ਼ ਵੰਗਾਰ ਕੇ ਕਹਿ ਰਿਹਾ ਹੈ ਕਿ "ਅੱਜ ਤਾਈਂ ਸਾਰੇ ਸੰਸਾਰ ਵਿਚ ਹੋਈ ਮਨੁੱਖ ਸ਼ਰੇਣੀ ਵਿਚੋਂ ਉਸ ਨੂੰ ਡਾਰਵਨ ਅਤੇ ਬੁੱਧ ਜੈਸਾ ਕੋਈ ਆਸਤਕ ਮਹਾਤਮਾ ਨਹੀਂ ਲੱਭਾ।" ਏਨ੍ਹਾਂ ਦੋਹਾਂ ਦੇ ਮੁਕਾਬਲੇ ਵਿਚ ਮਾਨੋ ਹੋਰ ਸਭ ਮਤਾਂਤਰੀ ਆਸਤਕ ਨੇਤਾ ਅਥਵਾ ਗੁਰੂ ਪੈਗੰਬਰ ਅਵਤਾਰ ਹੇਚ ਹਨ।

ਡਾਰਵਨ ਥਿਊਰੀ ਅਤੇ ਬੁੱਧ ਮੱਤ ਦੀ ਨਾਸਤਕ ਫ਼ਿਲਾਸਫ਼ੀ ਦੀ ਜੇ ਵਿਚਾਰ ਕਰਨ ਲਗੀਏ ਤਾਂ ਇਕ ਵੱਖਰੀ ਪੁਸਤਕ ਬਣ ਜਾਂਦੀ ਹੈ, ਪਰ ਸਾਨੂੰ ਕੀ ਲੋੜ ਹੈ ਏਨ੍ਹਾਂ ਖਲਜਗਣਾਂ ਵਿਚ ਪੈਣ ਦੀ ? ਸਾਡਾ ਮੌਜੂਦਾ ਸੰਬੰਧ ਤਾਂ ਕੇਵਲ ਪ੍ਰੀਤ ਲੜੀ ਨਾਲ ਹੈ, ਜੋ ਨਾਸਤਕਤਾ ਦੀ ਜ਼ਹਿਰ ਸਾਰੇ ਫੈਲਾ ਰਿਹਾ ਹੈ।

ਆਪ ਨੇ ਬੜੇ ਫ਼ਖ਼ਰ ਨਾਲ ਬੁੱਧ ਮੱਤ ਤੇ ਡਾਰਵਨ ਦੀ ਥਿਊਰੀ ਦੀ ਹਮਾਇਤ ਵਿਚ ਜਾਪਾਨ ਦੀ ਉਨਤੀ ਦੀ ਮਿਸਾਲ ਦਿਤੀ ਹੈ। ਜੇ ਆਪ ਜਾਪਾਨ ਵਲੋਂ ਚੀਨ ਪਰ ਹੋ ਰਹੇ ਜ਼ੁਲਮ ਧੱਕੇ ਕਰਕੇ ਹੀ ਏਸ ਨਾਸਤਕ ਮੁਲਕ ਦੀ ਪ੍ਰਸੰਸਾ ਕਰ ਰਹੇ ਹਨ ਤਾਂ ਜਾਪਾਨ ਦੀ ਇਹ ਕਤਲਿ-ਆਮ ਅਤੇ ਗ਼ਾਰਤਗਾਰੀ ਦੀ ਵਹਿਸ਼ੀਪੁਣੇ ਦੀ ਮਿਸਾਲ ਜੋ ਫ਼ੀ-ਜ਼ਮਾਨਾ ਕਾਇਮ ਹੋ ਰਹੀ ਹੈ, ਉਹ ਰਹਿੰਦੀ ਦੁਨੀਆ ਤਕ ਸੰਸਾਰ ਦੇ ਇਤਿਹਾਸ ਵਿਚ ਨਾਸਤਕਤਾ ਨੂੰ ਸ਼ਰਮ ਦਿਲਾਉਂਦੀ ਰਹੇਗੀ। ਜਾਪਾਨ ਦੀ ਸਾਰੀ ਉਨਤੀ ਦਾ ਸਾਰ-ਸਿੱਟਾ ਉਸ ਦਾ ਚੀਨ ਪਰ ਧੱਕਾ ਹੀ ਨਿਕਲਿਆ ਹੈ, ਜੋ ਉਸ ਦੀ ਤਹਿਜ਼ੀਬ ਨੂੰ ਸਾਰੀ ਦੁਨੀਆ ਵਿਚ ਕਲੰਕਤ ਕਰ ਰਿਹਾ ਹੈ।

ਪੰਨਾ ੨੦ ਕਾਲਮ ਦੋ ਦੇ ਆਖ਼ਰੀ ਪੈਰੇ ਵਿਚ ਉਹ ਲਿਖਦੇ ਹਨ-"ਪਰ ਮੈਨੂੰ ਆਸਤਕ ਅਖਵਾਉਣ ਦੀ ਕੋਈ ਸੱਧਰ ਨਹੀਂ।"

ਸੱਧਰ ਹੋਵੇ ਕੀਕੂੰ ? ਜਦੋਂ ਉਹ ਵਾਸਤਵ ਵਿਚ ਆਸਤਕ ਹੈ ਹੀ ਨਹੀਂ, ਤਾਂ ਉਸ ਨੂੰ ਆਸਤਕ ਆਖ ਕੌਣ ਸਕਦਾ ਹੈ ਅਤੇ ਅਖਵਾਉਣ ਦੀ ਕਾਹਦੀ ਸੱਧਰ ਹੋ ਸਕਦੀ ਹੈ ? ਨਾਸਤਕਤਾ ਦੀ ਬੀਮਾਰੀ ਵਾਲੇ ਨੂੰ ਆਸਤਕ ਵਾਲੀਆਂ ਸੱਧਰਾਂ ਕਿਥੇ ? ਫੇਰ ਕਹਿੰਦੇ ਹਨ-"ਮੈਂ ਕਿਸੇ ਪਾਠਕ ਨੂੰ ਆਪਣੀ ਆਸਤਕਤਾ ਨਾਲ ਖ਼ੁਸ਼ ਕਰਨਾ ਨਹੀਂ ਚਾਹੁੰਦਾ।" ਖ਼ੁਸ਼ ਕਰੇ ਭੀ ਕਿਵੇਂ ? ਆਪ ਵਿਚ ਆਸਤਕਤਾ ਹੈ ਹੀ ਨਹੀਂ, ਨਿਰੀ ਨਾਸਤਕਤਾ ਹੈ। ਜੇ ਉਹ ਆਸਤਕਤਾ ਨਾਲ ਆਪਣੇ ਪਾਠਕਾਂ ਨੂੰ ਖ਼ੁਸ਼ ਨਹੀਂ ਕਰਨਾ ਚਾਹੁੰਦੇ ਤਾਂ ਉਨ੍ਹਾਂ ਨੂੰ ਆਪਣੀ

ਨਾਸਤਕਤਾ ਦੀ ਲਿਬੇੜ ਨਾਲ ਲਿਬੇੜ ਕੇ ਕਿਉਂ ਖ਼ੁਸ਼ ਹੁੰਦੇ ਹਨ ? ਫੇਰ ਇਹ ਕਹਿਣ ਦੀ ਕੀ ਲੋੜ ਹੈ ਕਿ—"**ਮੈਂ ਆਸਤਕਤਾ ਦੇ ਗੌਣ ਗਾ ਕੇ ਜਾਂ ਵਿਰਲਾਪ ਕਰ ਕੇ ਕਿਸੇ ਇਕ ਆਦਮੀ ਦੀ ਭੀ ਸ਼ਲਾਘਾ ਨਹੀਂ ਕਰਨਾ ਚਾਹੁੰਦਾ।**" ਨਾਸਤਕਤਾ ਦੇ ਗੌਣ ਗਾ ਕੇ ਅਤੇ ਨਾਸਤਕਤਾ ਦੀਆਂ ਅਲਾਹੁਣੀਆਂ ਦੇ ਦੇ ਕੇ ਜੋ ਲੋਕਾਂ ਵਿਚ ਨਸ਼ਰ ਹੋ ਚੁੱਕਾ ਹੋਵੇ, ਉਹ ਉਨ੍ਹਾਂ ਪਾਸੋਂ ਭਲਾ ਆਸਤਕ ਅਖਵਾਉਣ ਦੀ ਸ਼ਲਾਘਾ ਕਦੋਂ ਕਰਾ ਸਕਦਾ ਹੈ ? ਕਦੇ ਨਹੀਂ।"

ਫੇਰ ਉਹ ਇਉਂ ਲਿਖਦੇ ਹਨ—"ਪ੍ਰੀਤ ਲੜੀ ਦੀ ਤਾਕਤ ਕਿਸੇ ਖ਼ਾਸ ਧਰਮ ਜਾਂ ਇਤਕਾਦ ਨਾਲ ਸੰਬੰਧਤ ਹੈ ? ਕਦੇ ਨਹੀਂ।"

ਅਸੀਂ ਜਾਣਦੇ ਹਾਂ ਅਤੇ ਸਭ ਕੋਈ ਜਾਣਦਾ ਹੈ ਕਿ ਪ੍ਰੀਤ ਲੜੀ ਦੀ ਇਹ ਆਤਮਈ ਤਾਕਤ ਅਧਰਮੀਆਂ ਅਤੇ ਬੇਇਤਕਾਦਾਂ ਦੇ ਸਹਾਰੇ ਹੈ। ਪਰ ਆਪ ਨੇ ਪ੍ਰੀਤ ਲੜੀ ਦੀ ਤਾਕਤ ਬਣਾਈ ਪਹਿਲਾਂ ਲੋਕਾਂ ਨੂੰ ਸਿੱਖ ਧਰਮ ਦਾ ਟਪਲਾ ਦੇ ਕੇ, 'ੴ ਸਤਿਗੁਰਪ੍ਰਸਾਦਿ' ਲਿਖਦੇ ਰਹੇ, ਸਿੱਖ ਸ਼ਹੀਦਾਂ ਦੇ ਜੱਸ ਗਾਉਂਦੇ ਰਹੇ, ਲੋਕਾਂ ਪ੍ਰਤੀ ਏਸ ਨੂੰ ਸਿੱਖ ਰਸਾਲਾ ਜ਼ਾਹਰ ਕਰਦੇ ਰਹੇ। ਹੁਣ ਜਦ ਪਖੰਡ ਚੱਲ ਗਿਆ ਤਾਂ ਪੈਂਤੜਾ ਬਦਲ ਲਿਆ ਹੈ। ਦੁਨੀਆ ਦੀ ਬਹੁਤੀ ਰੁਚੀ ਬਦੀ ਭਰੀ ਸ਼ੈਤਾਨੀਅਤ ਵੱਲ ਹੀ ਹੈ। ਸ਼ੈਤਾਨੀਅਤ ਨੂੰ ਭੜਕਾਉਣਾ ਅਤੇ ਭੜਕਾ ਕੇ ਕਾਮਯਾਬ ਹੋਣਾ ਭੀ ਕੋਈ ਤਾਕਤ ਦਾ ਹਾਸਲ ਕਰਨਾ ਹੈ ? ਹਰਗਿਜ਼ ਨਹੀਂ।

ਅਗਲੀ ਸਤਰ ਵਿਚ ਆਸਤਕਾਂ ਨੂੰ ਇਉਂ ਟਿਚਰ ਕੀਤੀ ਹੈ—"ਪ੍ਰੀਤ ਲੜੀ ਦੇ ਪਾਠਕ ਆਸਤਕਾਂ ਨੂੰ ਦੇਵਤੇ ਸਮਝ ਕੇ ਮੱਥੇ ਨਹੀਂ ਟੇਕਦੇ, ਨਾ ਨਾਸਤਕਾਂ ਨੂੰ ਦੁਸ਼ਟ ਖ਼ਿਆਲ ਕਰ ਕੇ ਤਲਵਾਰਾਂ ਮਾਰਦੇ ਹਨ।"

ਜਦੋਂ ਪ੍ਰੀਤ ਲੜੀ ਦੇ ਪੀਰ ਜੀ ਹੀ ਆਸਤਕਾਂ ਨੂੰ ਨਫ਼ਰਤ ਭਰੀ ਨਿਗਾਹ ਨਾਲ ਦੇਖਦੇ ਹਨ ਅਤੇ ਭਾਂਤ ਭਾਂਤ ਦੇ ਨਿਰਾਦਰ ਭਰੇ ਕੁਲੇਖਾਂ ਨਾਲ ਭੰਡਦੇ ਹਨ ਤਾਂ ਉਨ੍ਹਾਂ ਦੇ ਚੇਲਿਆਂ ਚਪਟਿਆਂ ਨੇ ਭਲਾ ਕਾਸ ਨੂੰ ਕਿਸੇ ਆਸਤਕ ਦਾ ਆਦਰ ਸਤਿਕਾਰ ਕਰਨਾ ਸੀ। ਦੇਵਤਾ ਸਮਝ ਕੇ ਤਾਂ ਉਹ ਪ੍ਰੀਤ ਲੜੀਏ ਨੂੰ ਮੱਥਾ ਟੇਕਣਗੇ, ਜਿਸ ਨੂੰ ਕਿ ਮੀਸਣੇ ਤਰੀਕੇ ਨਾਲ ਟਿਕਾਉਣ ਦਾ ਭੁਸ ਪਿਆ ਹੋਇਆ ਜਾਪਦਾ ਹੈ। ਆਦਰ ਦਾ ਤਾਂ ਉਹ ਪੁਜ ਕੇ ਭੁੱਖਾ ਹੈ, ਜੈਸਾ ਕਿ ਪਹਿਲੇ ਸਿਧ ਹੋ ਚੁਕਿਆ ਹੈ। ਉਸ ਦੇ ਨਜ਼ਦੀਕ ਮਨੁੱਖੀ ਜੀਵਨ ਦਾ ਜੀਵਨ-ਲਾਹਾ ਇਕ ਦੂਜੇ ਦਾ ਆਦਰ ਕਰਨਾ ਹੈ, ਅਤੇ ਇਹ ਆਦਰ ਹੀ


bsrstrust.org

ਮੁਖ ਮਨੁੱਖਤਾ ਹੈ—

**'ਮਨ ਤੁਰਾ ਹਾਜੀ ਬਗੋਇਮ, ਤੋ ਮਰਾ ਮੁਲਾਂ ਬਿਗੋ।'**

(ਮੈਂ ਤੈਨੂੰ ਹਾਜੀ ਆਖਾਂ, ਕਹੁ ਤੂੰ ਮੈਨੂੰ ਮੁਲਾਂ)

ਅਗਲੀਆਂ ਸਤਰਾਂ ਵਿਚ ਦੇਖੋ ਕੈਸੀ ਕਚਪਿਚੀ ਗੱਲ ਲਿਖੀ ਹੈ—"ਪ੍ਰੀਤ ਲੜੀ ਦੇ ਪਾਠਕ ਉਸ ਸ਼ਰੇਣੀ ਵਿੱਚੋਂ ਹਨ ਜਿਨ੍ਹਾਂ ਨੂੰ ਇਸ ਰਮਜ਼ ਦੀ ਸੂਝ ਪੈ ਗਈ ਹੈ ਕਿ ਸਮੁੱਚੀ ਸਚਿਆਈ ਦਾ ਪਤਾ ਕਿਸੇ ਨੂੰ ਨਹੀਂ ਲੱਗਾ।"

ਭਲਾ ਇਹ ਕਿਹੜੀ ਗੱਲ ਰਮਜ਼ ਹੋਈ ਜਿਸ ਲਈ ਪ੍ਰੀਤ ਲੜੀ ਦਾ ਸੰਪਾਦਕ ਪ੍ਰੀਤ ਲੜੀ ਦੇ ਪਾਠਕਾਂ ਨੂੰ ਸੂਝ ਪੈ ਗਈ ਦਾ ਮਾਣ ਕਰਦਾ ਹੈ ? ਰੱਬ ਤੋਂ ਮੁਨਕਰ ਦਹਿਰੀਆਂ ਨੂੰ ਕਿਸੇ ਭੀ ਸਚਿਆਈ ਦਾ ਪਤਾ ਨਹੀਂ ਲੱਗ ਸਕਦਾ। ਉਹ ਸਚਿਆਈ ਕੈਸੀ ਕਿ ਜਿਸ ਦਾ ਕੂੜਿਆਰਾ ਮਨਮੁਖ ਨਾਸਤਕ ਪਤਾ ਲਗਾ ਸਕੇ ? ਜੇਕਰ ਪ੍ਰੀਤ ਲੜੀਆ ਸੰਪਾਦਕ ਆਪਣੇ ਪਾਠਕਾਂ ਨੂੰ ਅਜਿਹੀਆਂ ਹੀ ਰਮਜ਼ਾਂ ਦੀਆਂ ਸੋਝੀਆਂ ਸੁਝਾਉਂਦਾ ਹੈ ਕਿ ਕਿਸੇ ਭੀ ਸਮੁੱਚੀ ਸਚਿਆਈ ਦਾ ਕਿਸੇ ਨੂੰ ਭੀ ਪਤਾ ਨਹੀਂ ਲੱਗ ਸਕਦਾ ਤਾਂ ਉਹ ਪਰਲੇ ਦਰਜੇ ਦੇ ਬੇਵਕੂਫ਼ ਅਤੇ ਜਾਹਲ ਹਨ, ਜੋ ਏਸ ਦੇ ਪਿਛੇ ਲਗੇ ਹੋਏ ਹਨ। ਕੀ ਸਰਬ ਸਚਿਆਈਆਂ ਤੋਂ ਮੁਨਕਰ ਹੋਣ ਲਈ ਉਨ੍ਹਾਂ ਨੇ ਓਸੇ ਦੀ ਓਟ ਲਈ ਹੈ ? ਸਰਬ ਸਚਿਆਈ ਤੋਂ ਮੁਨਕਰ ਹੋਣ ਦੀ ਰਮਜ਼ ਸਮਝਣਾ ਸਮਝਾਉਣਾ ਭੀ ਭਲਾ ਕੋਈ ਵਡਿਆਈ ਹੈ ? ਰੱਬ ਤੋਂ ਮੁਨਕਰ ਹੋਣ ਨੂੰ ਤਾਂ ਓਹ ਵਡਿਆਈ ਸਮਝਦੇ ਹੀ ਸੀ, ਹੁਣ ਸਰਬ ਸਚਿਆਈ ਦੀ ਸਫ਼ਾ-ਚੱਟ ਸਫ਼ਾਈ ਕਰ ਦਿਤੀ। ਜਿਨ੍ਹਾਂ ਨੂੰ ਖ਼ੁਦ ਕੋਈ ਸਚਿਆਈ ਨਹੀਂ ਲੱਭੀ, ਜੋ ਖ਼ੁਦ ਹੀ ਸਮੁੱਚੀ ਸਚਿਆਈ ਤੋਂ ਬੇਸੂਝ, ਅਗਿਆਤ ਅਤੇ ਮੁਨਕਰ ਹਨ, ਉਨ੍ਹਾਂ ਦੇ ਭਾ ਤਾਂ ਕਿਸੇ ਮਨੁੱਖ ਮਾਤਰ ਨੂੰ ਭੀ ਕੋਈ ਸਚਿਆਈ ਨਹੀਂ ਲੱਭੀ। ਕੈਸਾ ਹਮਾਕਤ ਭਰਿਆ ਅਗਿਆਨ ਹੈ ? ਲਿਖਦਾ ਹੈ ਕਿ "ਸਭ ਸਚਿਆਈ ਕਿਆਸੀ ਹੈ।" ਕੀ ਪ੍ਰੀਤ ਲੜੀ ਦੇ ਪਾਠਕ ਇਸ ਕਰਕੇ ਇਸ ਦੇ ਮਗਰ ਲਗੇ ਹਨ ਕਿ ਉਹ ਤੁਹਾਨੂੰ ਕਿਆਸੀ ਸਚਿਆਈ ਦਾ ਸਬਕ ਪੜ੍ਹਾਵੇ। ਕਿਸੇ ਮਨੁੱਖ ਦਾ ਇਹ ਹੱਕ ਨਹੀਂ ਕਿ 'ਸਭ ਸਚਿਆਈ ਕਿਆਸੀ ਹੈ' ਦਾ ਕੂੜਾਵਾ ਸਬਕ ਸਿਖਾ ਕੇ ਦੁਨੀਆ ਨੂੰ ਗੁਮਰਾਹ ਕਰੇ। ਦੁਨੀਆ ਨੂੰ ਗੁਮਰਾਹ ਕਰਨਹਾਰੇ ਅਤੇ ਖ਼ੁਦ ਗੁਮਰਾਹ ਹੋ ਚੁੱਕੇ ਮਨੁੱਖ ਨੂੰ ਗੁਮਰਾਹ ਆਖਣਾ ਹਰ ਇਕ ਮੁਹੱਕਿਕ ਦਾ ਪੂਰਾ ਹੱਕ ਹੈ।

ਹਿੰਦੂ, ਮੁਸਲਿਮ, ਈਸਾਈ, ਯਹੂਦੀ, ਸਿਖ ਅਤੇ ਸੰਸਾਰ ਭਰ ਦੇ ਸਭ

ਆਸਤਕ ਮੱਤ ਰੱਬ ਦੀ ਹੋਂਦ ਵਾਲੇ ਵਿਸ਼ਵਾਸ ਵਿਚ ਸਭ ਮੁਤਫ਼ਿਕ ਅਤੇ ਯਕ-ਜ਼ਬਾਨ ਹਨ; ਇਹ ਸਿਰਫ਼ ਇਹ ਦਹਿਰੀਆ ਨਾਸਤਕ ਟੋਲਾ ਹੀ ਹੈ ਜੋ ਰੱਬ ਦੀ ਹਸਤੀ ਤੋਂ ਮੁਨਕਰ ਹੈ। ਇਨ੍ਹਾਂ ਨਾਸਤਕਾਂ ਦੇ ਕਿਸੇ ਵਿਸ਼ਵਾਸ ਦੀ ਪਕਿਆਈ ਸਚਿਆਈ ਦੀ ਸੂਚਕ ਨਹੀਂ, ਇਸ ਕਰਕੇ ਇਸ ਨਾਸਤਕ ਟੋਲੇ ਦੀ ਨਾਸਤਕਤਾ ਕਿਸੇ ਭਾਂਤ ਭੀ ਆਸਤਕਾਂ ਦੇ ਆਦਰ ਸਤਿਕਾਰ ਦੀ ਮੁਸਤਹਿਕ ਨਹੀਂ। ਪ੍ਰੀਤ ਲੜੀ ਨੂੰ ਆਪਣੇ ਨਿਜ ਨਿਸਚੇ ਤੋਂ ਉਲਟ ਕੋਈ ਭੀ ਭਿੰਨ ਗੱਲ, ਭਿੰਨ ਖ਼ਿਆਲ ਅਤੇ ਭਿੰਨ ਏਅਤਕਾਦ ਪੋਂਹਦਾ ਨਹੀਂ, ਖ਼ਾਸ ਕਰਕੇ "ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥" ਦੀ ਆਦਿ ਜੁਗਾਦਿ ਤੱਤ ਸਚਿਆਈ ਵਾਲੀ ਆਸਤਕਤਾ ਤਾਂ ਉੱਕੀ ਹੀ ਮਾਫ਼ਕ ਨਹੀਂ। ਉਹ ਗੁਰਮਤਿ ਤੱਤ ਸਚਿਆਈ ਦੇ ਅਸੂਲ ਨੂੰ ਸੁਣ ਕੇ ਬੜੇ ਹੀ ਔਖੇ ਹੁੰਦੇ ਹਨ। ਉਹ ਤੱਤ ਸਚਿਆਈ ਦੀ ਗੱਲ ਨੂੰ ਸੁਣ ਹੀ ਨਹੀਂ ਸਕਦੇ। ਸੁਣ ਕੇ ਵਿਚਾਰਨਾ ਕੀ ਸੀ, ਜਦ ਉਹ ਆਸਤਕਤਾ ਦੇ ਇਤਕਾਦ ਵਾਲੀ ਗੱਲ ਨੂੰ ਸੁਣ ਮੰਨ ਹੀ ਨਹੀਂ ਸਕਦੇ ਤਾਂ ਉਸ ਤੋਂ ਵੱਧ ਕੇ ਉਨ੍ਹਾਂ ਦੇ ਘ੍ਰਿਣਾ ਵਿਰੋਧਤਾ ਵਾਲੇ ਆਦਰਸ਼ ਦਾ ਕੀ ਸਬੂਤ ਹੋ ਸਕਦਾ ਹੈ ?

ਪ੍ਰੀਤ ਲੜੀ ਦੇ ਆਸਤਕ ਖ਼ਿਆਲਾਂ ਵਾਲੇ ਪਾਠਕਾਂ ਨੂੰ ਭੀ ਜ਼ਰੂਰ ਨਿਰਾਸਤਾ ਹੋਵੇਗੀ, ਜਦੋਂ ਉਨ੍ਹਾਂ ਨੂੰ ਪ੍ਰੀਤ ਲੜੀ ਦੀ ਨਾਸਤਕਤਾ ਦਾ ਪੜਦਾ ਫ਼ਾਸ਼ ਹੁੰਦਾ ਨਜ਼ਰ ਆਇਆ। ਕਦੋਂ ਤਾਈਂ ਇਹ ਪ੍ਰੀਤ ਲੜੀਆ ਆਸਤਕਤਾ ਨਾਸਤਕਤਾ ਦੀ ਤਾਣੀ ਉਲਝਾਈ ਰਖੇਗਾ ? ਕਿਉਂਕਿ ਇਹ ਤਾਣੀ-ਉਲਝਾਵੀਆਂ ਉਸ ਦੀਆਂ ਕਿਆਸੀ ਗੁੰਝਲਾਂ ਹੁਣ ਸੁਲਝਣੀਆਂ ਸ਼ੁਰੂ ਹੋ ਗਈਆਂ ਹਨ। ਲੋਕਾਂ ਨੂੰ ਹੁਣ ਉਸ ਦੀ ਆਸਤਕਤਾ ਦਾ ਭੁਲੇਖਾ ਨਹੀਂ ਰਹੇਗਾ। ਉਸ ਦੀ ਨਾਸਤਕਤਾ ਦਾ ਰਾਜ਼ ਬਹੁਤ ਕੁਝ ਤਾਂ ਫ਼ਾਸ਼ ਹੋ ਗਿਆ ਹੈ ਅਤੇ ਬਾਕੀ ਰਹਿੰਦਾ ਖੂੰਹਦਾ ਫ਼ਾਸ਼ ਹੋ ਜਾਏਗਾ। ਉਸ ਦੀ ਦਲੇਰੀ ਤਦ ਹੈ ਜੇ ਉਹ ਅਸਾਡੇ ਸਾਰੇ ਲੇਖਾਂ ਦੀ ਲੜੀ ਨੂੰ ਆਪਣੀ ਪ੍ਰੀਤ ਲੜੀ ਵਿਚ ਪ੍ਰਕਾਸ਼ਤ ਕਰਨ ਦੀ ਇਖ਼ਲਾਕੀ ਦਲੇਰੀ ਦਿਖਾਵੇ। ਜੋ ਪਹਿਲਾਂ ਹੀ ਨਾਸਤਕ ਹਨ, ਜੋ ਪਹਿਲਾਂ ਹੀ ਦੀਨੋਂ ਬੇਦੀਨ ਹਨ ਅਤੇ ਪਹਿਲਾਂ ਹੀ ਮਗ਼ਰਬੀ ਸਿਵਲੀ-ਜ਼ੇਸ਼ਨ (ਤਹਿਜ਼ੀਬ) ਤੇ ਫ਼ੈਸ਼ਨਿਜ਼ਮ ਦੇ ਮੁੱਠੇ ਹੋਏ ਹਨ, ਜੋ ਪਹਿਲਾਂ ਹੀ ਤ੍ਰਿਸ਼ਨਾ ਕਾਮਨਾ ਅਧੀਨ ਮਨੋਮਈ ਅਜ਼ਾਦੀ ਦੇ ਬਰਬਾਦ ਕੀਤੇ ਹੋਏ ਹਨ, ਅਜਿਹੇ ਪ੍ਰੀਤ ਲੜੀ ਦੇ ਗਾਹਕਾਂ ਦੀ ਤਾਦਾਦ ਭਾਵੇਂ ਲੱਖਾਂ ਤਾਈਂ ਵੱਧ ਜਾਏ, ਸਾਨੂੰ


bsrstrust.org

ਇਸ ਗੱਲ ਨਾਲ ਕੋਈ ਵਾਸਤਾ ਨਹੀਂ। ਸਾਨੂੰ ਪ੍ਰਵਾਹ ਹੈ ਤਾਂ ਇਸ ਗੱਲ ਦੀ ਕਿ ਅਸਾਡੀ ਗੁਰਸਿੱਖ ਨਵਯੁਵਕਾਂ ਦੀ ਪੰਥ-ਪਨੀਰੀ ਪ੍ਰੀਤ ਲੜੀਏ ਆਸਤਕਤਾਈ ਬਹੁ-ਰੂਪ ਵਾਲੇ ਨਾਸਤਕਤਾ ਦੇ ਜਾਲ-ਜੰਜਾਲ ਤੋਂ ਬਚੀ ਰਹੇ।

# ਜੁਲਾਈ ੧੯੩੮ ਦੀ ਪ੍ਰੀਤ ਲੜੀ ਦਾ ਉੱਤਰ

(ਨੰ: ੧)

ਪ੍ਰੀਤ ਲੜੀ ਦੇ ਸੰਪਾਦਕ ਜੀ ਓਦੋਂ ਤਾਈਂ ਬੜੇ ਸੁਖੀ ਅਤੇ ਸ਼ਾਂਤ ਜਾਪਦੇ ਸਨ ਜਦੋਂ ਤਾਈਂ ਲਗਾਤਾਰ ਉਹ ਮਤ-ਮਤਾਂਤਰੀ ਧਾਰਮਕ ਅਸੂਲਾਂ ਦੇ ਮਨ-ਮੰਨੀਆਂ ਤੂਤ-ਭੂਤੀਆਂ ਕਰਦੇ ਰਹੇ ਅਤੇ ਖੁਲ੍ਹੀਆਂ ਤੇ ਲਪੇਟਵੀਆਂ ਤਰਕ-ਕੁਤਰਕਾਂ ਨਿਝੱਕ ਹੋ ਕੇ ਮਜ਼ਹਬ, ਧਰਮ, ਧਾਰਮਕ ਅਕੀਦਿਆਂ ਅਤੇ ਧਾਰਮਕ ਹਾਦੀਆਂ ਦੇ ਬਰਖ਼ਿਲਾਫ਼ ਹਰਫ਼-ਜ਼ਨ ਕਰਦੇ ਰਹੇ, ਪਰ ਜਦੋਂ ਦੂਜਿਆਂ ਨੂੰ ਉਹਨਾਂ ਮੁਖ਼ਾਲਿਫ਼ ਖ਼ਿਆਲਾਂ ਦੀ ਨੁਕਤਾਚੀਨੀ ਕਰਨ ਲਈ, ਮਜਬੂਰ ਹੋ ਕੇ ਆਪੋ ਆਪਣੇ ਖ਼ਿਆਲਾਂ ਦੀ ਅਜ਼ਾਦੀ ਦੇ ਮੈਦਾਨ ਵਿਚ ਕੁਦਣਾ ਪਿਆ ਤਾਂ ਪੱਛਮੀ ਸਭਿਅਤਾ ਦੇ ਸੋਹਣੇ ਬਾਂਕੇ ਸ਼ੈਦਾਈ ਛਿਨ ਵਿਚ ਹੀ ਕਪੜਿਆਂ ਤੋਂ ਬਾਹਰ ਹੋ ਗਏ। ਖ਼ਿਆਲਾਂ ਦੀ ਅਜ਼ਾਦੀ ਦਾ ਉਪਦੇਸ਼ ਕੂਕਦੇ ਕੂਕਦੇ ਆਪਣੇ ਘਰ ਬੈਸੰਤਰ ਪ੍ਰਜਵਲਤ ਹੋਣ ਪਰ ਉਲਟੀਆਂ ਅਗਨੀਦਾਹ ਦੀ ਦੁਸ਼ਤਰਤਾਈ ਦੀਆਂ ਦੁਹਾਈਆਂ ਦੇਣ ਲੱਗ ਪਏ। ਚਾਹੀਦਾ ਤਾਂ ਇਹ ਸੀ ਕਿ ਸਾਊ ਬਣ ਕੇ ਆਪਣੀ ਕੁਤਰਕਬਾਜ਼ੀ ਦੀਆਂ ਕੁਹਜੀਆਂ ਕੁਚਾਲਾਂ ਤੋਂ ਬਾਜ਼ ਆ ਜਾਂਦੇ, ਪਰ ਉਨ੍ਹਾਂ ਦੇ ਅੰਦਰ ਉਲਟੀ ਕ੍ਰੋਧ ਦੀ ਅਗਨੀ ਅਗੇ ਨਾਲੋਂ ਭੀ ਭਾਂਬੜ ਮਾਰ ਕੇ ਭੜਕ ਉਠੀ। ਸਾਨੂੰ ਤਰਸ ਆਉਂਦਾ ਹੈ ਕਿ ਉਨ੍ਹਾਂ ਦਾ ਦਿਲ ਬੜਾ ਦੁਖਿਆ ਹੈ, ਪਰ ਅਫ਼ਸੋਸ ਤਾਂ ਇਹ ਹੈ ਕਿ ਉਸ ਨਿੰਦਾ-ਸ਼ੇਵਨੀ ਅਤੇ ਕੁਤਰਕ-ਸ਼ੁਆਰੀ ਵੀਰ ਨੂੰ ਅਜੇ ਭੀ ਇਬਰਤ ਨਹੀਂ ਆਈ ਕਿ ਦੂਜਿਆਂ ਉਤੇ ਕੁਤਰਕਬਾਜ਼ੀ ਅਤੇ ਨਿੰਦਾ ਕਰਨੀ ਬਹੁਤ ਮਹਿੰਗੀ ਪੈਂਦੀ ਹੈ। ਕਿਸੇ ਦੇ ਧਾਰਮਕ ਜਜ਼ਬਿਆਂ ਨੂੰ ਠੇਸ ਲਾਉਣ ਵਿਚ ਤਾਂ ਉਨ੍ਹਾਂ ਨੂੰ ਅਨੰਦ ਹੈ, ਪਰ ਜੇ ਕੋਈ ਉਨ੍ਹਾਂ ਦੇ ਨਿਜ-ਮੁਨਾਫ਼ਕੀ ਅਕੀਦਿਆਂ ਨੂੰ ਠੇਸੇ ਤਾਂ ਉਨ੍ਹਾਂ ਨੂੰ ਬਦਮਜ਼ਗੀ ਪ੍ਰਤੀਤ ਹੁੰਦੀ ਹੈ। ਜੇ ਤਾਂ ਉਹ ਦੂਜਿਆਂ ਦੇ ਖ਼ਿਆਲਾਂ ਨੂੰ ਭੰਡੀ ਜਾਣ ਅਤੇ ਖੁਲ੍ਹੀ ਹਿਜੋ ਕਰੀ ਜਾਣ, ਤਦ ਤਾਂ ਇਹ ਅਸਾਡੇ ਪ੍ਰੀਤ ਲੜੀਏ ਵੀਰ ਦੀ ਅਜ਼ਾਦ-ਖ਼ਿਆਲੀ ਹੈ, ਪਰ ਜੇ ਕੋਈ

bsrstrust.org

ਅਸਾਡੇ ਪ੍ਰੀਤ ਲੜੀ ਵੀਰ ਦੇ ਖ਼ਿਆਲਾਂ ਦੀ ਪੁਸ਼ਟੀ ਨਾ ਕਰੇ, ਸਗੋਂ ਮੁਖ਼ਾਲਫ਼ਿਤ ਕਰ ਦੇਵੇ ਤਾਂ ਉਸ ਵੀਰ ਦੀ ਅਜ਼ਾਦ-ਖ਼ਿਆਲੀ ਦੀ ਹੱਕ-ਤਲਫ਼ੀ ਹੋ ਜਾਂਦੀ ਹੈ ਅਤੇ ਓਹ ਵੀਰ ਬੜੇ ਬੇਕਰਾਰ ਹੋ ਕੇ ਝੁਜਿਆ ਉਠਦੇ ਹਨ।

ਐਤਕੀਂ ਜੁਲਾਈ (੧੯੩੮) ਦੇ ਮਹੀਨੇ ਪ੍ਰੀਤ ਲੜੀ ਪਰਚੇ ਵਿਚ ਅਸਾਡੇ ਵੀਰ ਹੋਰਾਂ ਨੇ ਨਿਜ ਅਜ਼ਾਦ-ਖ਼ਿਆਲੀ ਤਲਫ਼ ਹੋਣ ਦੇ ਮਰਸੀਏ ਹੀ ਪੜ੍ਹੇ ਹਨ ਅਤੇ ਇਸ ਰਸਾਲੇ ਦੇ ਸਮੁਚੇ ੩੫ ਪੰਨਿਆਂ ਵਿਚੋਂ ੨੫ ਪੰਨੇ ਮਹਿਜ਼ ਆਪਣੇ ਮੁਖ਼ਾਲਿਫ਼ਾਂ ਨੂੰ ਪੁੱਠੀਆਂ ਸਿੱਧੀਆਂ ਸਲਵਾਤਾਂ ਸੁਣਾਉਣ ਵਿਚ ਕਾਲੇ ਕੀਤੇ ਹਨ। ਉਤੋਂ ਮੀਆਂ ਮਿੱਠੂ ਹੋ ਕੇ ਕਹੀ ਜਾਂਦੇ ਹਨ-'ਮੈਂ ਕਦੇ ਨਹੀਂ ਆਖਿਆ ਕਿ ਗੁਰਦੁਆਰੇ ਨਾ ਜਾਓ।' ਪਰ ਅੰਤਰ-ਗਤੀ ਵਿੰਗੇ ਟੇਢੇ ਤਰੀਕੇ ਨਾਲ ਉਹਨਾਂ ਹੀ ਨੰਬਰ-ਵਾਰੀ ਕਾਲਮਾਂ ਵਿਚ ਇਹ ਭੀ ਲਿਖੀ ਜਾਂਦੇ ਹਨ ਅਤੇ ਕੁਤਰਕਾਂ ਛੱਡੀ ਜਾਂਦੇ ਹਨ ਕਿ **'ਗੁਰਦੁਆਰਿਆਂ ਦੀ ਜ਼ਿਆਰਤ ਕਰਨਾ ਗੁਰਦੁਆਰਿਆਂ ਨੂੰ ਬੁੱਤ-ਖ਼ਾਨੇ ਬਣਾਉਣਾ ਹੈ। ਗੁਰਦੁਆਰਿਆਂ ਨੂੰ ਮੱਥਾ ਟੇਕਣਾ, ਬੁੱਤ-ਪ੍ਰਸਤੀ ਕਰਨਾ ਹੈ, ਮੱਥਾ ਟੇਕਣ ਦਾ ਕੋਈ ਮਹਾਤਮ ਨਹੀਂ।'**

ਉਪਰਲੀ ਜ਼ਾਹਰਦਾਰੀ ਦੁਆਰਾ ਤੇ ਅਸਾਡੇ ਪ੍ਰੀਤ ਲੜੀ ਸੰਪਾਦਕ ਜੀ ਇਹ ਲਿਖ ਦਿੰਦੇ ਹਨ ਕਿ—"ਮੈਂ ਕਦੀ ਨਹੀਂ ਆਖਿਆ ਕਿ ਗੁਰੂ ਸਾਹਿਬ ਭੁਲਾਂ ਕਰਦੇ ਹਨ", ਪਰ ਨਾਲ ਉਸੇ ਕਾਲਮ ਵਿਚ ਵਿੰਗੇ ਟੇਢੇ ਤਰੀਕੇ ਨਾਲ ਇਹ ਭੀ ਲਿਖਦੇ ਹਨ ਕਿ ਗੁਰੂ ਸਾਹਿਬ ਭੀ ਭੁਲਾਂ ਕਰ ਸਕਦੇ ਹਨ। ਦੇਖੋ ਕੀ ਲਿਖਦੇ ਹਨ, ਜ਼ਰਾ ਤਹਿ ਦੀ ਡੂੰਘਾਈ ਵਾਲੀ ਐਬ-ਜੋਈ ਵਿਚਾਰੋ। ਇਹੰ ਲਫ਼ਜ਼ ਹਨ— **"ਮੈਂ ਕਹਿੰਦਾ ਹਾਂ ਕਿ ਕੋਈ ਪੈਦਾ ਹੋਣ ਵਾਲਾ ਮਨੁੱਖ ਰੱਬ ਨਹੀਂ ਹੁੰਦਾ ਅਤੇ ਪੂਰਨ ਤੋਂ ਪੂਰਨ ਮਨੁੱਖ ਨੂੰ ਭੀ ਅਸਲੀ ਅਰਥਾਂ ਵਿਚ ਅਭੁਲ ਨਹੀਂ ਆਖਿਆ ਜਾ ਸਕਦਾ।"** ਕਿਉਂ ਜੀ! ਕੈਸੀ ਕੁਹਜੀ ਕੁਤਰਕਬਾਜ਼ੀ ਹੈ ਅਤੇ ਸੰਪਾਦਕ ਜੀ ਦੇ ਆਪਣੇ ਹੀ ਇਸ ਪਹਿਲੇ ਖ਼ਿਆਲ ਦਾ ਕੈਸਾ ਵਿਰੋਧ (contradiction) ਹੈ ਕਿ ਮੈਂ ਕਦੇ ਨਹੀਂ ਆਖਿਆ ਕਿ ਗੁਰੂ ਸਾਹਿਬ ਭੀ ਭੁਲਾਂ ਕਰਦੇ ਹਨ।

ਗੁਰਮਤਿ ਦੇ ਚਾਨਣੇ ਅਨੁਸਾਰ ਗੁਰੂ ਸਾਹਿਬਾਨ ਪੂਰਨ ਸਰਬੱਗ ਪੁਰਸ਼ ਹਨ ਅਤੇ ਧੁਰ ਦੀ ਆਈ ਅਕਾਲੀ ਬਾਣੀ ਦੇ ਗੁਰਵਾਕ ਇਹ ਨਿਸਚੇ ਕਰਾਉਂਦੇ ਹਨ ਕਿ "ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥"[1] ਅਰਥਾਤ, ਹੋਰ

---

੧. ਸਿਰੀਰਾਗੁ ਮ: ੧, ॥੮॥੧੨॥ ਪੰਨਾ ੬੧



bsrstrust.org

ਸਭ ਲੁਕਾਈ ਤਾਂ ਭੁਲਣਹਾਰ ਹੈ, ਪਰ ਗੁਰੂ ਅਤੇ ਕਰਤਾਰ ਅਕਾਲ ਪੁਰਖ ਦੀ ਜ਼ਾਤਿ-ਪਾਕ ਅਭੁੱਲ ਹੈ। ਪ੍ਰੀਤ ਲੜੀ ਦੇ ਸੰਪਾਦਕ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਗੁਰਵਾਕ ਨੂੰ ਜਾਣਦੇ ਬੁਝਦੇ ਹੋਏ ਭੀ ਇਸ ਗੁਰਵਾਕ ਦਾ ਖੰਡਨ ਜਾਣ ਬੁਝ ਕੇ ਕਰਦੇ ਹਨ। ਪ੍ਰੀਤ ਲੜੀ ਦੇ ਐਡੀਟਰ ਸ: ਗੁਰਬਖ਼ਸ਼ ਸਿੰਘ ਜੀ ਪੱਕੀ ਤਰ੍ਹਾਂ ਵਾਕਫ਼ ਹਨ ਕਿ ਗੁਰਬਾਣੀ ਦੇ ਅਨੇਕਾਂ ਅਜਿਹੇ ਪ੍ਰਮਾਣ ਹਨ, ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਤੇ ਪਰਮੇਸ਼ਰ ਵਿਚ ਕੋਈ ਭੇਦ ਨਹੀਂ। ਜੇ ਉਹ ਜਾਣ ਕੇ ਅਨਜਾਣ ਹੋ ਗਏ ਹਨ ਤਾਂ ਅਸੀਂ ਅਗਲੇ ਲੇਖ ਵਿਚ, ਜੇ ਉਹ ਪੁਛਣਾ ਚਾਹੁਣ ਤਾਂ, ਅਨੇਕਾਂ ਗੁਰ ਪ੍ਰਮਾਣ ਗੁਰੂ ਪਰਮੇਸ਼ਰ ਦੀ ਅਭੇਦਤਾਈ ਪ੍ਰਥਾਇ ਦੇ ਸਕਦੇ ਹਾਂ। ਪਰ ਉਹ ਹੁਣ ਖ਼ਾਹ-ਮ-ਖ਼ਾਹ ਲਿਖੀ ਜਾਂਦੇ ਹਨ ਕਿ ਕੋਈ ਪੈਦਾ ਹੋਣ ਵਾਲਾ ਮਨੁੱਖ ਰੱਬ ਨਹੀਂ ਹੋ ਸਕਦਾ। ਗੁਰੂ ਸਾਹਿਬ ਦੀ ਜ਼ਾਤ ਪਾਤ ਸੰਪਾਦਕ ਜੀ ਦੇ ਖ਼ਿਆਲ ਵਿਚ ਮਾਮੂਲੀ ਮਨੁੱਖ ਚੁਰਾਸੀ ਦੇ ਜੀਵਾਂ ਦੀ ਸ਼ਰੇਣੀ ਵਿਚੋਂ ਹੈ। ਕੀ ਉਨ੍ਹਾਂ ਨੂੰ ਪਤਾ ਨਹੀਂ ਅਜਿਹੇ ਗੁਰਵਾਕਾਂ ਦਾ—"ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥"[1] ਗੁਰੂ ਸਾਹਿਬ ਤਾਂ ਅਧਿਕਾਰੀ ਜਗਿਆਸੂ ਮਨੁੱਖਾਂ ਨੂੰ "ਜੀਅ ਦਾਨੁ ਦੇ ਭਗਤੀ ਲਾਇਨਿ" ਵਾਲੇ ਅਤੇ "ਹਰਿ ਸਿਉ ਲੈਨਿ ਮਿਲਾਏ" ਵਾਲੇ ਪਰਉਪਕਾਰ ਦੀ ਖ਼ਾਤਰ ਅਉਤਾਰ ਧਾਰ ਕੇ ਆਏ।

ਕਿਉਂ ਜੀ ! ਜੋ ਪਾਕ ਅਵਤਾਰ-ਧਾਰੀ ਹਸਤੀ ਮਾਮੂਲੀ ਮਨੁੱਖਾਂ ਨੂੰ ਭੀ ਆਪਣੀ ਨਦਰ ਦ੍ਰਿਸ਼ਟੀ ਵਾਲੇ ਪਰਉਪਕਾਰ ਸੇਤੀ ਉਭਾਰ ਕੇ, ਹਰੀ ਪਰਮਾਤਮਾ ਨੂੰ ਮਿਲਾ ਦਿੰਦੀ ਹੈ, ਅਰਥਾਤ ਵਾਹਿਗੁਰੂ ਨਾਲ ਇਕ-ਮਿਕ ਅਭੇਦ ਕਰਨ ਨੂੰ ਸਮਰੱਥ ਹੈ, ਕੀ ਉਸ ਦੇ ਖ਼ੁਦ ਰੱਬ ਨਾਲ ਮਿਲੇ ਹੋਣ ਵਿਚ ਕੋਈ ਸ਼ੱਕ ਬਾਕੀ ਰਹਿ ਜਾਂਦਾ ਹੈ ? ਪਰ ਪ੍ਰੀਤ ਲੜੀਏ ਦਿਮਾਗ਼ੀ ਫ਼ਿਲਾਸਫ਼ਰ ਅਜਿਹੇ ਗੁਰਵਾਕਾਂ ਅੰਦਰ ਨਿਸ਼ਚਤ ਕਰਾਏ ਗੁਰ-ਆਸ਼ਿਆਂ ਨੂੰ ਨਿਰਾ ਵਹਿਮ ਹੀ ਕਰਾਰ ਦੇਂਦੇ ਹਨ ਅਤੇ ਅਨਪੜ੍ਹ ਗੁਰਸਿੱਖ ਜਗਿਆਸੂਆਂ ਨੂੰ ਗੁਰਵਾਕਾਂ ਦੀ ਸਚਿਆਈ ਅਤੇ ਗੁਰਬਾਣੀ ਦੇ ਤੱਤ-ਭੇਦ ਤੋਂ ਗੁਮਰਾਹ ਕਰਾਉਂਦੇ ਹਨ।

ਦਾਸ ਆਪਣੇ ਲੇਖਾਂ ਦੁਆਰਾ ਇਹੀ ਯਤਨ ਕਰਦਾ ਹੈ ਕਿ ਸਿੱਧੀ ਸਾਦੀ

---

੧. ਸੂਹੀ ਮ: ੫, ॥੨॥੭॥੫੪॥ ਪੰਨਾ ੭੪੯

bsrstrust.org

ਤੇ ਭੋਲੀ ਭਾਲੀ ਗੁਰਸਿਖ ਫੁਲਵਾੜੀ ਦੀ ਪਨੀਰੀ ਪ੍ਰੀਤ ਲੜੀ ਦੇ ਗੁਰਮਤਿ-ਵਿਰੋਧੀ ਪਰਚਾਰ ਦੇ ਅਸਰ ਹੇਠ ਆਉਣੋਂ ਬਚੇ। ਕੇਵਲ ਏਸੇ ਮਨੋਰਥ ਨੂੰ ਮੁੱਖ ਰੱਖ ਕੇ ਹੀ ਪ੍ਰੀਤ ਲੜੀ ਦੀਆਂ ਗੁਰਮਤਿ-ਵਿਰੋਧੀ ਲਿਖਤਾਂ ਨੂੰ ਸੋਧਣਾ ਹੀ ਏਨ੍ਹਾਂ ਲੇਖਾਂ ਦਾ ਮੁੱਖ ਪਰਯੋਜਨ ਹੈ। ਪਰ ਦਾਸ ਦਾ ਬਿਚਾਰੇ ਏਡੇ ਦੁਖੇ ਹੋਏ ਸਰਦਾਰ ਗੁਰਬਖ਼ਸ਼ ਸਿੰਘ ਨੂੰ ਦੁਖੀ ਕਰਨ ਯਾ ਉਨ੍ਹਾਂ ਦੀ ਜ਼ਾਤ ਨਾਲ ਵੈਰ ਵਿਰੋਧ ਈਰਖਾ ਕਰਨ ਦਾ ਉੱਕਾ ਹੀ ਕੋਈ ਖ਼ਿਆਲ ਨਹੀਂ, ਤੇ ਸੁਪਨ ਸਾਰਖਾ ਸੰਕਲਪ ਭੀ ਨਹੀਂ। ਦਾਸ ਦਾ ਕੋਈ ਉਸ ਦੇ ਨਾਲ ਵੱਟ-ਬੰਨੇ ਦਾ ਵੈਰ ਨਹੀਂ, ਕੋਈ ਵੰਡ-ਵਿਹਾਰ ਨਹੀਂ, ਕੋਈ ਪਹਿਲੀ ਰੰਜਸ਼ ਯਾ ਖ਼ਾਨਦਾਨੀ ਦੁਸ਼ਮਣੀ ਨਹੀਂ। ਮੈਂ ਅੱਜ ਤਾਈਂ ਪ੍ਰੀਤ ਲੜੀਏ ਵੀਰ ਸ੍ਰੀਮਾਨ ਸਰਦਾਰ ਗੁਰਬਖ਼ਸ਼ ਸਿੰਘ ਜੀ ਨੂੰ ਦੇਖਿਆ ਭੀ ਨਹੀਂ। ਮੈਨੂੰ ਤਾਂ ਉਨ੍ਹਾਂ ਦੀ ਪ੍ਰੀਤ ਲੜੀ ਵਿਚ ਲਿਖੀਆਂ ਗੁਰਮਤਿ-ਵਿਰੋਧੀ ਲਿਖਤਾਂ ਦਾ ਭੀ ਪਤਾ ਨਹੀਂ ਸੀ। ਮੈਂ ਤਾਂ 'ਪ੍ਰੀਤ ਲੜੀ' ਨਾਮ ਦੇ ਰਸਾਲੇ ਦੇ ਨਾਉਂ ਤੋਂ ਭੀ ਵਾਕਫ਼ ਨਹੀਂ ਸੀ।

ਕੁਝ ਮਹੀਨੇ ਹੋਏ ਕਿ ਮੇਰੇ ਪਾਸ ਪਹਿਲੇ ਬਰਮਾ ਦੀ ਗੁਰਸਿਖ ਸੰਗਤ ਦਾ ਗੁਰਮੁਖੀ ਟਾਈਪ-ਰਾਈਟਿੰਗ ਲਿਖਤ ਦਾ ਇਕ ਲੰਬਾ ਚੌੜਾ ਚਿੱਠਾ ਆਇਆ, ਜਿਸ ਵਿਚ ਕਿ ਦਾਸ ਨੂੰ ਓਥੇ ਦੀ ਸੰਗਤ ਨੇ ਹੁਕਮਨ ਉਭਾਰਿਆ ਕਿ ਪ੍ਰੀਤ ਲੜੀ ਦੇ ਗੁਰਮਤਿ-ਵਿਰੋਧੀ ਲਿਖਾਰੀ ਦੀ ਯਥਾ ਯੋਗ ਸੋਧ-ਸੁਧਾਈ ਕੀਤੀ ਜਾਏ। ਉਸ ਕਿਰਪਾਲੂ ਸੰਗਤ ਨੇ ਮੇਰੇ ਪਾਸ ਪ੍ਰੀਤ ਲੜੀ ਦਾ ਇਕ ਰਸਾਲਾ ਭੀ ਨਮੂਨੇ ਮਾਤਰ ਭੇਜਿਆ, ਜਿਸ ਨੂੰ ਦੇਖ ਕੇ ਦਾਸ ਨੇ ਪ੍ਰੀਤ ਲੜੀ ਦੇ ਸਾਰੇ ਪਿਛਲੇ ਰਸਾਲਿਆਂ ਦੀ ਫ਼ਾਈਲ ਭੀ ਇਕ ਨੇੜੇ ਦੀ ਸਕੂਲ-ਲਾਇਬਰੇਰੀ ਤੋਂ ਮੰਗਾਇ। ਇਸ ਨੂੰ ਵਾਚ ਕੇ ਮੈਨੂੰ ਨਿਸ਼ਚਾ ਹੋ ਗਿਆ ਕਿ ਸੱਚ ਮੁੱਚ ਏਸ ਰਸਾਲੇ ਦਾ ਕੋਈ ਭੀ ਐਸਾ ਪਰਚਾ ਨਹੀਂ ਜਿਸ ਵਿਚ ਪਰਮਾਰਥ, ਮਜ਼ਹਬ, ਧਰਮ, ਗੁਰਮਤਿ, ਗੁਰੂ, ਗੁਰਦੁਆਰਿਆਂ, ਗੁਰ-ਮੰਦਰਾਂ ਦੇ ਬਰਖ਼ਿਲਾਫ਼ ਇਸ ਰਸਾਲੇ ਦੇ ਐਡੀਟਰ ਜੀ ਨੇ ਆਪਣੀ ਕੁਤਰਕ ਲੇਖਣੀ ਕਲਮ ਨਾ ਉਠਾਈ ਹੋਵੇ। ਐਥੇ ਤਕ ਕਿ ਰੱਬ ਦੀ ਹਸਤੀ ਦੇ ਬਰਖ਼ਿਲਾਫ਼ ਭੀ ਪੁੱਠਾ ਸਿੱਧਾ ਲਿਖਿਆ। ਨਾਸਤਕਤਾ ਦੀਆਂ ਰਮਜ਼ਾਂ ਵਾਲਾ ਮਸਾਲਾ ਭੀ ਮੈਨੂੰ ਏਨ੍ਹਾਂ ਲੇਖਾਂ ਵਿਚੋਂ ਮਿਲਿਆ, ਇਤਨਾ ਕੁਝ ਆਪਣੀ ਅੱਖੀਂ ਦੇਖ ਪਰਖ ਕੇ ਦਾਸ ਨੂੰ ਹੱਲਾਸ਼ੇਰੀ ਹੋਈ ਕਿ ਇਹਨਾਂ ਕੁਫ਼ਰ ਭਰੇ ਲੇਖਾਂ ਦੀ ਕੁਫ਼ਰ-ਖੰਡਨੀ ਸੋਧਨਾ ਕੀਤੀ ਜਾਵੇ। ਉਸ ਦਿਨ ਤੋਂ ਦਾਸ ਨੂੰ ਇਹ ਨਿਸ਼ਚਾ ਹੋ ਗਿਆ ਕਿ ਇਸ


bsrstrust.org

ਕੁਫ਼ਰ-ਪਰਚਾਰ ਨੂੰ ਪਰਬੋਧਣਾ ਤੇ ਸੋਧਣਾ, ਗੁਰੂ ਅਤੇ ਗੁਰੂ ਘਰ ਦੀ ਖ਼ਾਸ ਕਰਕੇ ਅਤੇ ਸਾਰੀ ਆਸਤਕ ਖ਼ਲਕ-ਖ਼ੁਦਾ ਦੀ ਆਮ ਤੌਰ ਤੇ ਪਰਮ ਉਚੀ ਸੁਚੀ ਸੇਵਾ ਕਰਨਾ ਹੈ। ਇਸ ਸੇਵਾ ਤੋਂ ਦਾਸ ਓਦੋਂ ਤਾਈਂ ਦਸਤ-ਬਰਦਾਰ ਨਹੀਂ ਹੋਵੇਗਾ ਜਦੋਂ ਤਾਈਂ ਕਿ ਪ੍ਰੀਤ ਲੜੀਏ, ਕੁਫ਼ਰ ਪ੍ਰੀਤ ਇਸ਼ਤਿਹਾਰੀ ਸੰਪਾਦਕ ਸਾਹਿਬ ਆਪਣੀ ਕੁਫ਼ਰ ਕਰਣੀ ਤੋਂ ਹੱਟ ਨਹੀਂ ਜਾਣਗੇ। ਮੈਨੂੰ ਏਸ ਗੱਲ ਦੀ ਰੰਚਕ ਭੀ ਪਰਵਾਹ ਨਹੀਂ ਕਿ ਉਹ ਮੇਰੀ ਸ਼ਖ਼ਸੀਅਤ ਤੇ ਭਾਵੇਂ ਕਰੋੜ ਹਮਲੇ ਕਰਨ ਅਤੇ ਅਨੇਕਾਂ ਭਾਂਤ ਭਾਂਤ ਦੇ ਮੇਹਣੇ ਮਾਰਨ। ਏਨ੍ਹਾਂ ਮੇਹਣਿਆਂ ਨਾਲ ਮੈਂ ਆਪਣੇ ਇਰਾਦੇ ਤੋਂ ਕਦਾਚਿਤ ਹਿਲ ਨਹੀਂ ਸਕਦਾ ਅਤੇ ਗੁਰ-ਸੰਗਤ ਦੀ ਉਤਮ ਸੇਵਾ ਤੋਂ ਰਤਾ ਵੀ ਸਿਰ ਨਹੀਂ ਫੇਰ ਸਕਦਾ।

ਸਰਦਾਰ ਗੁਰਬਖ਼ਸ਼ ਸਿੰਘ ਜੀ ਨੂੰ ਮੇਰੇ ਲੇਖਾਂ ਦਾ ਉੱਤਰ ਆਇਆ ਨਹੀਂ। ਬਸ ਮੇਹਣਿਆਂ ਉਲਾਂਭਿਆਂ ਉਤੇ ਆਣ ਉਤਰੇ ਹਨ ਅਤੇ ਅਣਹੋਏ ਅਲਜ਼ਾਮ ਥਪਣ ਦੀਆਂ ਅਜ਼ਾਦ-ਖ਼ਿਆਲੀਆਂ ਨਿਰੂਪਣ ਕਰਨ ਲਗੇ ਹਨ। 'ਸੋਧਣਾ' ਗੁਰੂ ਘਰ ਦਾ ਇਕ ਆਮ ਫ਼ਹਿਮ ਪਰਚਲਤ ਬੋਲਾ ਹੈ। ਉਸ ਦਾ ਸਾਫ਼ ਅਰਥ ਸੋਧ-ਸੁਧਾਈ ਕਰਨਾ ਹੈ। ਪ੍ਰੇਮੀਆਂ ਦੀਆਂ ਲਿਖਤਾਂ ਵਿਚ ਆਮ ਤੌਰ ਤੇ ਅਜਿਹੇ ਪਦ ਸੋਧਣ ਪਰਬੋਧਣ ਦੇ ਆਉਂਦੇ ਹਨ। ਸਾਡੇ ਪ੍ਰੀਤ ਲੜੀ ਦੇ ਸਰਦਾਰ ਸਾਹਿਬ, ਪੱਛਮ ਦੀ ਦੁਨੀਆ ਦੇ ਅਠਕੇਲੀਏ ਸ਼ਾਇਸਤਾ ਵੀਰ ਭਾਈ ਗੁਰਬਖਸ਼ ਸਿੰਘ ਜੀ ਦੀ ਉਤਮ ਬੁਧੀ ਵਿਚੋਂ ਖ਼ਬਰ ਨਹੀਂ ਸੋਧਣ ਦੇ ਅਰਥ ਕਤਲ ਕਰਨ ਦੇ ਕਿਥੋਂ ਆ ਅਵਿਕਾਸ਼ੇ ਹਨ। ਸ਼ਾਇਦ ਪੂਰਨਤਾਈ ਦੀ ਥੀਊਰੀ ਦਾ ਅਵਿਕਾਸ਼ ਏਥੇ ਅਪੂਰਨ ਹੋ ਗਿਆ ਹੈ। ਨਿੰਦਕਾਂ, ਦੁਸ਼ਟਾਂ ਅਤੇ ਕਾਫ਼ਰਾਂ ਨੂੰ ਸੋਧਣ ਦਾ ਭਾਵ ਨਿੰਦਕਾਂ ਦੀ ਨਿੰਦਕਤਾ ਅਤੇ ਦੁਸ਼ਟਾਂ ਦੀ ਦੁਸ਼ਟਤਾ ਅਤੇ ਕਾਫ਼ਰਾਂ ਦੀ ਕੁਫ਼ਰਤਾ ਨੂੰ ਸੋਧਣਾ ਹੈ ਅਤੇ ਇਹੀ ਮੇਰਾ ਭਾਵ ਉਸ ਲੇਖ ਵਿਚ ਹੈ, ਜਿਸਨੂੰ ਕਿ ਮਰੋੜ ਤਰੋੜ ਕੇ ਪ੍ਰੀਤ ਲੜੀਏ ਮਹਾਂ ਵਿਦਵਾਨ ਜੀ ਉਲਟੀ ਅਰਥ-ਬੰਦੀ ਕਰਦੇ ਹਨ। ਹਾਂ ! ਇਹ ਤਸਲੀਮ ਕਰਦੇ ਹਾਂ ਕਿ ਇਹ ਵਿਦਵਤਾ ਭਰੀ ਟੇਢੀ ਚਾਲ ਜ਼ਰੂਰ ਹੈ। ਆਪ ਦਾ ਮਕਸਦ ਇਹ ਹੈ ਕਿ ਮੇਰੇ ਉਤੇ ਕਤਲ ਦੇ ਤਸ਼ੱਦਦ ਦਾ ਇਲਜ਼ਾਮ ਮੜ੍ਹ ਕੇ ਮੇਰੇ ਲੇਖ ਦਾ ਅਸਰ ਮਿਟਾਇਆ ਜਾਏ। ਸੋ ਯਾਦ ਰਖੋ, ਇਹ ਇਉਂ ਨਹੀਂ ਮਿਟਦਾ ਤੇ ਨਾ ਹੀ ਮੈਂ ਏਨ੍ਹਾਂ ਇਲਜ਼ਾਮਾਂ ਤੋਂ ਦਬਦਾ ਹਾਂ।

bsrstrust.org

# ਪ੍ਰੀਤ ਲੜੀ ਦੇ ਸੰਪਾਦਕ ਦੀ ਪੈਂਤੜੇ-ਬਦਲਵੀਂ ਚਾਲ

(ਨੰ: ੧)

ਪ੍ਰੀਤ ਲੜੀ ਦੇ ਸੰਪਾਦਕ ਜੀ ਪੈਰ ਪੈਰ ਉਤੇ ਪੈਂਤੜਾ ਬਦਲਦੇ ਹਨ। ਇਕ ਵਾਰ ਇਕ ਗੱਲ ਲਿਖ ਬੈਠਦੇ ਹਨ ਤਾਂ ਛਿਨ ਵਿਚ ਹੀ ਉਸ ਗੱਲ ਨੂੰ ਹੋਰ ਰੰਗਤ ਵਿਚ ਪਲਟਾ ਦੇ ਕੇ ਪਾਹ ਚੜ੍ਹਾ ਦਿੰਦੇ ਹਨ। ਦੇਖੋ ਪ੍ਰੀਤ ਲੜੀ ਮਹੀਨਾ ਜੁਲਾਈ ਸਫ਼ਾ ੧੭, '**ਮੈਂ ਕੀ ਆਖਿਆ ਤੇ ਕੀ ਨਹੀਂ ਆਖਿਆ**' ਵਾਲਾ ਲੇਖ। ਪਹਿਲਾਂ ਲਿਖਦੇ ਹਨ ਕਿ—"**ਪੂਰਨ ਤੋਂ ਪੂਰਨ ਮਨੁੱਖ ਨੂੰ ਭੀ ਅਸਲੀ ਅਰਥਾਂ ਵਿਚ ਅਭੁਲ ਨਹੀਂ ਆਖਿਆ ਜਾ ਸਕਦਾ।**" ਪਰ ਨਾਲ ਹੀ ਇਹ ਭੀ ਲਿਖ ਦਿੰਦੇ ਹਨ ਕਿ—"**ਇਹ ਬਿਆਨ ਸਿਰਫ਼ ਇਕ ਫ਼ਿਲਾਸਫ਼ੀ ਸਚਾਈ ਹੈ, ਅਮਲੀ ਸਚਾਈ ਵਿਚ ਗੁਰੂ ਆਪਣੇ ਸ਼ਿਸ਼ਾਂ ਲਈ ਅਭੁਲ ਹੀ ਸਮਝੇ ਜਾਂਦੇ ਹਨ।**"

ਦੱਸੋ ਇਸ ਇਬਾਰਤ ਤੋਂ ਕੁਛ ਪੱਲੇ ਪਿਆ ? ਕਿੰਨੇ ਪੈਂਤੜੇ ਬਦਲੇ ਹਨ ਤੇ ਇਕੋ ਹੀ ਪੈਰੇ ਵਿਚ ? ਪਹਿਲਾਂ ਤਾਂ ਪ੍ਰੀਤ ਲੜੀ ਦੇ ਅਸਲੀ ਅਰਥਾਂ ਵਿਚ ਕੋਈ ਪੂਰਨ ਤੋਂ ਪੂਰਨ ਪੁਰਖ ਭੀ ਅਭੁਲ ਨਹੀਂ ਹੋ ਸਕਦਾ, ਉਸ ਦਾ ਲੁਕਵਾਂ ਭਾਵ ਪੂਰਨ ਪੁਰਖ ਤੋਂ ਗੁਰੂ ਸਾਹਿਬ ਦਾ ਹੈ। ਜਿਸ ਗੁਰੂ ਸਾਹਿਬ ਪ੍ਰਥਾਇ ਸੰਪਾਦਕ ਜੀ ਨੇ ਇਸੇ ਪੈਰੇ ਦੇ ਮੁਢ ਵਿਚ ਹੀ ਇਉਂ ਲਿਖਿਆ ਹੈ ਕਿ-"ਮੈਂ ਤਾਂ ਕਦੇ ਨਹੀਂ ਆਖਿਆ ਕਿ ਗੁਰੂ ਸਾਹਿਬਾਨ ਭੁਲਾਂ ਕਰਦੇ ਸਨ', ਉਸ ਗੁਰੂ ਸਾਹਿਬ ਪ੍ਰਤੀ ਹੁਣ ਇਹ ਦੂਜੀ ਤੀਜੀ ਸਤਰ ਵਿਚ ਹੀ ਇਉਂ ਲਿਖਦੇ ਹਨ ਕਿ 'ਪੂਰਨ ਤੋਂ ਪੂਰਨ ਮਨੁੱਖ ਭੀ ਅਸਲੀ ਅਰਥਾਂ ਵਿਚ ਅਭੁੱਲ ਨਹੀਂ ਆਖਿਆ ਜਾ ਸਕਦਾ।' ਇਸ ਦਾ ਸਾਫ਼ ਮਤਲਬ ਇਹ ਹੈ ਕਿ ਗੁਰੂ ਸਾਹਿਬ ਸਾਰਖਾ ਪੂਰਨ ਮਨੁੱਖ ਭੀ ਭੁਲਣਹਾਰ ਹੈ, 'ਅਭੁਲ ਨਹੀਂ ਆਖਿਆ ਜਾ ਸਕਦਾ।' ਇਉਂ ਲਿਖ ਤਾਂ ਬੈਠੇ, ਪਰ ਫੇਰ ਆਪਣੀ ਲਿਖਤ ਤੋਂ ਥਿੜਕਦੇ ਹਨ ਤੇ ਕਹਿੰਦੇ ਹਨ ਕਿ 'ਇਹ ਬਿਆਨ ਸਿਰਫ਼ ਇਕ ਫ਼ਲਸਫ਼ਈ ਸਚਾਈ ਹੈ।' ਮਾਨੋ ਏਸ ਬਿਆਨ ਨੂੰ ਉਹ ਫ਼ਲਸਫ਼ਈ ਸਚਾਈ ਦੇ ਗਲ ਮੜ੍ਹਦੇ ਹਨ ਅਤੇ ਆਪ ਅਟੰਕ ਰਹਿਣਾ ਚਾਹੁੰਦੇ ਹਨ। ਪਰ ਅਸੀਂ ਪੁਛਦੇ ਹਾਂ ਕਿ ਇਹ ਫ਼ਲਸਫ਼ਈ ਸਚਾਈ ਕਿਸ ਅਗੰਮੀ



bsrstrust.org

ਫ਼ਲਸਫ਼ੇ ਤੋਂ ਫ਼ਿਲਸਫ਼ਤ ਹੋਈ ? ਅਸੀਂ ਤਾਂ ਸਾਫ਼ ਜਾਣਦੇ ਹਾਂ ਕਿ ਪ੍ਰੀਤ ਲੜੀ ਦਾ ਆਪੇ ਘੜਿਆ ਹੋਇਆ ਹੀ ਫ਼ਲਸਫ਼ਾ ਹੈ ਅਤੇ ਉਹ ਨਿਜ ਘੜਤ ਫ਼ਿਲਸਫ਼ਈ ਥੀਊਰੀ ਨੂੰ ਆਪੇ ਹੀ ਫ਼ਿਲਸਫ਼ਈ ਸਚਾਈ ਦਾ ਰੁਤਬਾ ਦਿੰਦੇ ਹਨ। ਤਾਂ ਤੇ ਉਹ ਗੁਰੂ ਸਾਹਿਬਾਨ ਦੇ ਭੁਲਣਹਾਰ ਹੋਣ ਦੀ ਸਚਾਈ ਨੂੰ ਆਪਣੇ ਨਿਜ-ਘੜਤ ਜਾਂ ਨਿਜ-ਫ਼ਿਲਸਫ਼ਤ ਫ਼ਲਸਫ਼ੇ ਅਨੁਸਾਰ ਤਾਂ ਠੀਕ ਸਮਝਦੇ ਹਨ, ਪਰ ਪਿਛਲੀ ਸਤਰ ਅੰਦਰ ਹੋਰ ਭੀ ਪੇਚਦਾਰ ਪੈਂਤੜਾ ਬਦਲਦੇ ਹਨ। ਦੇਖੋ ਇਨ੍ਹਾਂ ਦੀ ਲਿਖਤ ਦੀ ਪੇਚਦਾਰੀ—**"ਅਮਲੀ ਸਚਾਈ ਵਿਚ ਗੁਰੂ ਆਪਣੇ ਸ਼ਿਸ਼ਾਂ ਲਈ ਅਭੁਲ ਹੀ ਸਮਝੇ ਜਾਂਦੇ ਹਨ।"**

ਆਮ ਸਮਝਣਹਾਰੇ ਏਸ ਇਬਾਰਤ ਤੋਂ ਇਹ ਅਭਿੱਪਰਾ ਸਮਝਣ ਦਾ ਟਪਲਾ ਖਾਂਦੇ ਹਨ ਕਿ ਪਹਿਲੀ ਉਪਰ ਲਿਖੀ, ਤਾਂ ਆਮ ਫ਼ਿਲਾਸਫ਼ਰਾਂ ਦੀ ਕਥਨੀ ਮਾਤਰ ਸਚਾਈ ਹੈ, ਪਰ ਪ੍ਰੀਤ ਲੜੀ ਦੇ ਸੰਪਾਦਕ ਜੀ ਦੀ ਆਪਣੀ ਸਚਾਈ ਇਹ ਹੈ ਜੋ ਪਿਛਲੀ ਸਤਰ ਵਿਚ ਉਨ੍ਹਾਂ ਲਿਖੀ ਹੈ, ਪਰ ਨਹੀਂ ਵਾਸਤਵ ਵਿਚ ਇਹ ਅਮਲੀ ਸਚਾਈ ਪ੍ਰੀਤ ਲੜੀ ਦੇ ਸੰਪਾਦਕ ਜੀ ਦੀ ਜਿਗਰੀ ਸਚਾਈ ਨਹੀਂ। ਇਸ ਪਿਛਲੀ ਸਤਰ ਦਾ ਅਨੁਵਾਦ ਉਨ੍ਹਾਂ ਦੀ ਟੇਢੀ ਲਿਖਤ ਅਨੁਸਾਰ ਇਸ ਤਰ੍ਹਾਂ ਹੈ-'ਅਮਲੀ ਸਚਾਈ ਵਿਚ ਗੁਰੂ ਆਪਣੇ ਸ਼ਿਸ਼ਾਂ ਲਈ ਅਭੁਲ ਹੀ ਸਮਝੇ ਜਾਂਦੇ ਹਨ', ਭਾਵ ਸਿੱਖਾਂ ਦੀ ਸ਼ਰਧਾ-ਭਾਵਨੀ ਮਈ ਅਮਲੀ ਸਚਾਈ ਅਨੁਸਾਰ ਗੁਰੂ ਸਾਹਿਬਾਨ ਨੂੰ ਅਭੁਲ ਸਮਝਿਆ ਜਾਂਦਾ ਹੈ, ਹੈਨ ਤਾਂ ਉਹ ਭੁਲਣਹਾਰ, ਪਰ ਸਿੱਖ, ਗੁਰੂ ਸਾਹਿਬਾਨ ਨੂੰ ਅਭੁਲ ਹੀ ਸਮਝਦੇ ਹਨ। ਇਹ ਗੁਰੂ ਸਾਹਿਬ ਦੇ ਅਭੁਲ ਹੋਣ ਦੀ ਅਮਲੀ ਸਚਾਈ ਸਿੱਖਾਂ ਨੇ ਹੀ ਬਣਾਈ ਹੋਈ ਹੈ ਤੇ ਸਿੱਖਾਂ ਨੇ ਹੀ ਸਮਝੀ ਹੋਈ ਹੈ। ਸੋ ਪ੍ਰੀਤ ਲੜੀ ਦੇ ਸੰਪਾਦਕ ਜੀ ਦੀ ਆਪਣੀ ਸਚਾਈ ਦਾ ਪਰਨਾਲਾ ਥਾਂ ਦਾ ਥਾਂ ਹੀ ਹੈ। ਉਨ੍ਹਾਂ ਦੀ ਮਨ-ਮੰਨੀ ਸਚਾਈ ਅੰਦਰ ਤਾਂ ਗੁਰੂ ਸਾਹਿਬਾਨ ਭੁਲਣਹਾਰ ਹੀ ਹਨ। ਪਹਿਲਾਂ ਪੂਰਨ ਮਨੁੱਖ ਲਿਖ ਕੇ ਅਸਲੀ ਸਚਾਈ ਨੂੰ ਟਾਲਿਆ ਸੀ, ਪਰ ਓਹ ਟਲੀ ਨਹੀਂ। ਆਖ਼ਰ ਜੋ ਉਹਨਾਂ ਦੇ ਜੀਅ ਅੰਦਰ ਸੀ, ਸੋ ਉਹ ਉਗਵ ਹੀ ਖਲੋਤਾ ਅਤੇ 'ਗੁਰੂ' ਪਦ ਅਗਲੀ ਸਤਰ ਵਿਖੇ ਅੰਕਿਤ ਕਰ ਕੇ ਉਨ੍ਹਾਂ ਨੇ ਪੂਰਨ ਮਨੁੱਖ ਤੋਂ ਜੋ ਉਨ੍ਹਾਂ ਦੀ ਅਸਲੀ ਮੁਰਾਦ ਸੀ, ਸੋ ਸਪੱਸ਼ਟ ਕਰ ਹੀ ਦਿਤੀ।

(ਨੰ: ੨)

ਫੇਰ ਸਫ਼ਾ ੧੯ ਪਰ ਤੀਜੇ ਅੰਕ ਵਿਚ ਲਿਖਦੇ ਹਨ—**"ਮੈਂ ਕਦੇ ਨਹੀਂ**

bsrstrust.org

**ਆਖਿਆ ਕਿ ਭਜਨ ਪਾਠ ਨਹੀਂ ਕਰਨੇ ਚਾਹੀਦੇ",** ਪਰ ਜਿਥੇ ਉਹ ਲਿਖਦੇ ਹਨ ਕਿ—**"ਰੱਬ ਸਾਡੇ ਭਜਨ ਦਾ ਭੁਖਾ ਨਹੀਂ"** ਇਸ ਤੋਂ ਉਹਨਾਂ ਦਾ ਸਾਫ਼ ਭਾਵ ਇਹ ਹੈ ਕਿ ਭਜਨ ਕਰਨ ਦੀ ਕੋਈ ਲੋੜ ਨਹੀਂ। ਇਸ ਪਰਕਾਰ ਅਨੇਕ ਥਾਈਂ ਉਹ ਆਪਣੀਆਂ ਲਿਖਤਾਂ ਵਿਚ ਭਜਨ ਕੀਰਤਨ ਦੇ ਵਿਰੁਧ ਲਿਖ ਚੁਕੇ ਹਨ ਅਤੇ ਅਨੇਕ ਵਾਰ ਪੈਂਤੜੇ ਬਦਲ ਚੁਕੇ ਹਨ। ਏਸੇ ਪੈਰੇ ਅੰਦਰ ਹੀ ਉਹ ਉਪਰਲੀ ਲਿਖਤ ਦਾ ਪੈਂਤੜਾ ਬਦਲ ਕੇ, ਪੋਚਾ ਪਾ ਕੇ ਦੂਜੀ ਸਤਰ ਵਿਚ ਹੀ ਸਾਫ਼ ਤੌਰ ਤੇ ਭਜਨ ਪਾਠ ਦੀ ਨਿਖੇਧੀ ਕਰਦੇ ਹਨ। ਕਹਿੰਦੇ ਹਨ ਕਿ **"ਮਸ਼ੀਨ ਵਾਂਗ ਬਿਨਾਂ ਜ਼ਿੰਦਗੀ ਵਿਚ ਘਟਾਏ ਦੇ ਚੰਗੀ ਤੋਂ ਚੰਗੀ ਬਾਣੀ ਦਾ ਪਾਠ ਭੀ ਲਾਭ ਦੀ ਥਾਂ ਹਾਨੀ ਪੁਚਾਂਦਾ ਹੈ।"** ਇਸ ਦਾ ਸਾਫ਼ ਭਾਵ ਇਹ ਹੈ ਕਿ ਬਾਣੀ ਨੂੰ ਜ਼ਿੰਦਗੀ ਵਿਚ ਘਟਾਉਣਾ ਚਾਹੀਦਾ ਹੈ। ਜ਼ਿੰਦਗੀ ਵਿਚ ਘਟਾਏ ਬਿਨਾਂ ਚੰਗੀ ਤੋਂ ਚੰਗੀ ਬਾਣੀ ਦਾ ਪਾਠ ਲਾਭਦਾਇਕ ਨਹੀਂ, ਸਗੋਂ ਹਾਨੀਕਾਰਕ ਹੈ। ਅਸੀਂ ਪਹਿਲਾਂ ਪ੍ਰੀਤ ਲੜੀਏ ਸੱਜਣ ਤੋਂ ਪੁਛਦੇ ਹਾਂ ਕਿ ਬਾਣੀ ਨੂੰ ਪਹਿਲਾਂ ਜ਼ਿੰਦਗੀ ਵਿਚ ਘਟਾਉਣਾ ਚਾਹੀਦਾ ਹੈ ਤੇ ਪਿਛੋਂ ਪਾਠ ਕਰਨਾ ਚਾਹੀਦਾ ਹੈ, ਯਾ ਪਹਿਲੋਂ ਪਾਠ ਕਰੀਦਾ ਹੈ ਤੇ ਪਿਛੋਂ ਜ਼ਿੰਦਗੀ ਵਿਚ ਘਟਾਈਦਾ ਹੈ ? ਪ੍ਰੀਤ ਲੜੀਏ ਸੱਜਣ ਦੀ ਮਨਤਕੀ ਫ਼ਿਲਾਸਫ਼ੀ ਅਨੁਸਾਰ ਜੇ ਤਾਂ ਬਾਣੀ ਨੂੰ ਜ਼ਿੰਦਗੀ ਵਿਚ ਹੀ ਪਹਿਲਾਂ ਘਟਾਇਆ ਜਾਏ ਤਾਂ ਫੇਰ ਉਨ੍ਹਾਂ ਦੇ ਨਿਸਚੇ ਅਨੁਸਾਰ ਬਾਣੀ ਦੇ ਪਾਠ ਕਰਨ ਦੀ ਹੀ ਲੋੜ ਨਹੀਂ, ਬੱਸ ਬਾਣੀ ਦਾ ਭਾਵ ਜ਼ਿੰਦਗੀ ਵਿਚ ਘਟ ਗਿਆ। ਪਰ ਸਵਾਲ ਇਹ ਹੈ ਕਿ ਬਾਣੀ ਦੇ ਪਾਠ ਕੀਤੇ ਬਾਝੋਂ ਬਾਣੀ ਐਵੇਂ ਹੀ ਕਿਵੇਂ ਕਿਸੇ ਦੀ ਜ਼ਿੰਦਗੀ ਵਿਚ ਘਟ ਜਾਊ ? ਸਿਰਫ਼ ਇਕ ਵਾਰ ਬਾਣੀ ਦਾ ਪਾਠ ਕੀਤਾ ਭਾਵੇਂ ਕਿਤਨੀ ਹੀ ਸੋ-ਕਾਲਡ (so called) ਵੀਚਾਰ ਦੁਆਰਾ ਕੀਤਾ ਜਾਵੇ, ਕਦੇ ਵੀ ਕਿਸੇ ਦੀ ਜ਼ਿੰਦਗੀ ਵਿਚ ਨਹੀਂ ਘਟ ਸਕਦਾ।

ਉਦਾਹਰਣ—ਗੁਰਬਾਣੀ ਦਾ ਪਾਠ ਇਉਂ ਆਉਂਦਾ ਹੈ:

**ਸਿਮਰਉ ਸਿਮਰਿ ਸਿਮਰਿ ਸੁਖ ਪਾਵਉ**
**ਸਾਸਿ ਸਾਸਿ ਸਮਾਲੇ ॥੧॥੧॥੩੨॥** *(ਧਨਾਸਰੀ ਮ: ੫, ਪੰਨਾ ੬੭੯)*

ਦੱਸੋ, ਜਦ ਅਸੀਂ ਇਸ ਗੁਰਵਾਕ ਰੂਪੀ ਬਾਣੀ ਦਾ ਪਾਠ ਨਹੀਂ ਕਰਾਂਗੇ ਤਾਂ ਐਵੇਂ ਹੀ ਇਹ ਬਾਣੀ ਬਿਨਾਂ ਪਾਠ ਕੀਤੇ ਜ਼ਿੰਦਗੀ ਵਿਚ ਕਿਵੇਂ ਘਟ ਜਾਵੇਗੀ, ਇਕ ਵਾਰ ਪਠੇ ਤੇ ਭੀ ਨਹੀਂ ਘਟਣੀ। ਜਦ ਤਾਈਂ ਬਾਰੰਬਾਰ ਇਸ


bsrstrust.org

ਬਾਣੀ ਦਾ ਪਾਠ ਨਾ ਕੀਤੇ ਜਾਵੇ, ਤਦ ਤਾਈਂ ਇਸ ਦਾ ਭਾਵ ਹੀ ਕਿਸੇ ਨੂੰ ਪ੍ਰਭਾਵਤ ਨਹੀਂ ਕਰ ਸਕਦਾ, ਜ਼ਿੰਦਗੀ ਵਿਚ ਤਾਂ ਕੀ ਘਟਣਾ ਸੀ। ਇਸ ਗੁਰਵਾਕ ਦਾ ਭਾਵ ਗੁਰਬਾਣੀ ਦੇ ਇਸ ਹੁਕਮ ਨੂੰ ਨਿਰੂਪਣ ਕਰਾਉਂਦਾ ਹੈ ਕਿ ਨਾਮ ਨੂੰ ਸਿਮਰਹੁ ਅਤੇ ਸਿਮਰੀ ਜਾਓ ਅਤੇ ਸਿਮਰ ਸਿਮਰ ਕੇ ਸੁਖ ਪਾਵਹੁ, ਅਤੇ ਸਿੱਖ ਜਗਿਆਸੂ ਨੂੰ ਚਾਹੀਦਾ ਹੈ ਕਿ ਸੁਆਸ ਸੁਆਸ, ਖਿਨ ਖਿਨ ਸਿਮਰੀ ਜਾਏ। ਇਹ ਬਾਣੀ ਦਾ ਜ਼ਿੰਦਗੀ ਵਿਚ ਘਟਾਉਣਾ ਹੈ। ਗੁਰੂ ਰੂਪ ਗੁਰਬਾਣੀ ਇਹ ਗੱਲ ਦ੍ਰਿੜ੍ਹਾਉਂਦੀ ਹੈ ਕਿ ਸਿੱਖ ਸੇਵਕ ਬਾਰੰਬਾਰ ਰਸਨਾ ਦੁਆਰਾ, ਖਿਨ ਖਿਨ ਸੁਆਸਾਂ ਦੁਆਰਾ ਅਤੇ ਸੁਆਸ ਸੁਆਸ ਸੁਰਤੀ ਦੁਆਰਾ ਨਾਮ ਦਾ ਸਿਮਰਨ, ਕੇਵਲ ਨਾਮ ਦਾ ਸਿਮਰਨ ਹੀ ਕਰੇ। ਇਸ ਨਾਮ ਦੇ ਸੁਆਸ ਸੁਆਸ ਸਿਮਰਨ ਰੂਪੀ ਗੁਰ-ਹੁਕਮਈ ਸਚਾਈ ਨੂੰ ਦ੍ਰਿੜ੍ਹ ਕਰਨ ਹਿਤ ਅਤੇ ਜ਼ਿੰਦਗੀ ਵਿਚ ਘਟਾਉਣ ਹਿਤ ਗੁਰ-ਹੁਕਮਾਂ ਦੇ ਦਰਸਾਵਨੀ ਗੁਰਬਾਣੀ ਦਾ ਪਾਠ ਕਰਨਾ ਸੁਣਨਾ ਪਰਮ ਜ਼ਰੂਰੀ ਹੈ। ਦੁਨਿਆਵੀ ਕੂੜਾਵੇ ਬਿਉਹਾਰਾਂ ਕਾਰਾਂ ਵਿਚ ਅਤੇ ਮਾਇਆਵੀ ਕੱਚੇ ਕਚਪਿਲੇ ਆਲੂਦਾ ਖ਼ਿਆਲਾਂ ਵਿਚ ਖਚਿਤ ਹੋਏ ਜਗਿਆਸੂ ਨੂੰ ਕੇਵਲ ਇਕ ਵਾਰ ਅਤੇ ਪਹਿਲੀ ਵਾਰੀ ਹੀ ਕੀਤੇ ਗੁਰਬਾਣੀ ਦੇ ਪਾਠ ਤੋਂ ਬਾਰੰਬਾਰ ਨਾਮ ਸਿਮਰਨ ਵਾਲੀ ਸਚਾਈ ਦ੍ਰਿੜ੍ਹ ਨਹੀਂ ਹੋ ਸਕਦੀ, ਨਾ ਹੀ ਜ਼ਿੰਦਗੀ ਵਿਚ ਘਟ ਸਕਦੀ ਹੈ, ਉਹ ਖਿਨ ਖਿਨ ਭੁਲਦਾ ਹੈ ਅਤੇ ਭੁੱਲ ਭੁੱਲ ਜਾਂਦਾ ਹੈ ਅਤੇ ਸਾਰਾ ਦਿਨ ਸਾਰੀ ਰਾਤ ਭੁਲਿਆ ਹੀ ਰਹਿੰਦਾ ਹੈ, ਜਦ ਤਾਈਂ ਫੇਰ ਗੁਰੂ ਰੂਪ ਬਾਣੀ ਦੀ ਸਰਣਾਗਤਿ ਆ ਕੇ ਗੁਰਵਾਕ ਰੂਪੀ ਬਾਣੀ ਦੇ ਪਾਠ ਰੂਪੀ ਚਾਬਕ-ਬਾਣ ਨਹੀਂ ਸਹਿੰਦਾ। ਇਹ ਚਾਬਕ ਜਿਉਂ ਜਿਉਂ ਉਸ ਦੇ ਲਗਦੇ ਹਨ ਤਿਉਂ ਤਿਉਂ ਉਹ ਸੁਆਸ ਸੁਆਸ ਨਾਮ-ਸਿਮਰਨ ਲਈ ਤਤਪਰ ਹੁੰਦਾ ਜਾਂਦਾ ਹੈ। ਤਾਂ ਤੇ ਬਾਣੀ ਦੇ ਪਾਠ ਕੀਤੇ ਹੀ ਅਤੇ ਬਾਰੰਬਾਰ ਪਾਠ ਕੀਤੇ ਹੀ ਬਾਣੀ ਜ਼ਿੰਦਗੀ ਵਿਚ ਘਟਦੀ ਹੈ। ਗੁਰਬਾਣੀ ਦਾ ਜ਼ਿੰਦਗੀ ਵਿਚ ਤੱਤ ਘਟਣ-ਘਟਾਉ ਇਹੋ ਹੈ ਕਿ ਬਾਣੀ ਦੇ ਪਾਠ ਕਰਨਹਾਰਾ ਸੁਆਸ ਸੁਆਸ ਨਾਮ ਨੂੰ ਸਿਮਰੇ ਅਤੇ ਇਕ ਖਿਨ ਭੀ ਨਾ ਵਿਸਾਰੇ। ਗੁਰਬਾਣੀ ਦੇ ਹੋਰ ਹੁਕਮ ਮੰਨਣ ਅਤੇ ਮੰਨ ਕੇ ਜ਼ਿੰਦਗੀ ਵਿਚ ਘਟਾਉਣੇ ਸਚਿਆਰ ਸਿੱਖ ਨੂੰ ਪਰਮ ਜ਼ਰੂਰੀ ਹਨ, ਪਰ ਪਾਰਸ ਰੂਪ ਬਾਣੀ ਦਾ ਨਿਰਾ ਪਾਠ ਕਰੀ ਜਾਣਾ ਹੀ ਬਾਣੀ ਤੇ ਪਾਠ ਕਰਨਹਾਰੇ ਦੀ ਜ਼ਿੰਦਗੀ ਨੂੰ ਆਪਣੀ ਪਾਰਸ-ਰਸਾਇਣੀ ਕਲਾ ਦੁਆਰਾ ਪਾਕ ਕਰਨ ਲਈ ਸਮਰੱਥ ਹੈ। ਯਥਾ ਗੁਰਵਾਕ—

ਗੁਰਬਾਣੀ ਗਾਵਹੁ ਭਾਈ ॥
ਓਹ ਸਫਲ ਸਦਾ ਸੁਖਦਾਈ ॥੧॥ਰਹਾਉ॥੧੭॥੮੧॥
(ਸੋਰਠਿ ਮ: ੫, ਪੰਨਾ ੬੨੮)

ਅਤੇ— ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ
ਗੁਰ ਪੂਰੈ ਤੂ ਰਾਖਿਆ ॥੪॥੧੧॥ (ਸੋਰਠਿ ਮ: ੫, ਪੰਨਾ ੬੧੧)

ਰੂਪੀ ਅਨੇਕ ਗੁਰਵਾਕ ਹਨ, ਜੋ ਗੁਰਬਾਣੀ ਦੇ ਮਹਿਜ਼ ਪੜ੍ਹਨ ਸੁਣਨ ਅਤੇ ਗਾਵਣ ਨੂੰ ਹੀ ਸਫ਼ਲ ਸਦਾ ਸੁਖਦਾਈ ਸਾਬਤ ਕਰਦੇ ਹਨ। ਗੁਰਬਾਣੀ ਦੱਸਦੀ ਹੈ, ਦ੍ਰਿੜ੍ਹਾਉਂਦੀ ਹੈ ਅਤੇ ਭਜਨ ਪਾਠ ਕਰਨਹਾਰਿਆਂ ਦਾ ਜੀਵਨ-ਤਜਰਬਾ ਦੱਸਦਾ ਦ੍ਰਿੜ੍ਹਾਉਂਦਾ ਹੈ ਕਿ ਗੁਰਬਾਣੀ ਦਾ ਪਾਠ ਅਤੇ ਨਾਮ ਦਾ ਭਜਨ-ਸਿਮਰਨ ਜ਼ੋਰੋ ਜ਼ੋਰ ਜਿਉਂ ਜਿਉਂ ਮਸ਼ੀਨ ਵਾਂਗ ਕੀਤਾ ਜਾਵੇ ਤਿਉਂ ਤਿਉਂ ਅੰਮ੍ਰਿਤ ਬਾਣੀ ਦੀ ਪਾਰਸ ਕਲਾ ਬਹੁਤੀ ਛੇਤੀ ਵਰਤਦੀ ਹੈ ਅਤੇ ਜੀਵਨ ਨੂੰ ਪਾਰਸ ਬਨਾਉਣ ਵਾਲੀ ਘਟਨਾ ਵਿਚ ਘਟਾਉਂਦੀ ਹੈ। ਚੰਗੀ ਤੋਂ ਚੰਗੀ ਬਾਣੀ, ਬਾਣੀਆਂ ਸਿਰ ਬਾਣੀ, ਅੰਮ੍ਰਿਤ ਕਲਾ ਸੰਪੰਨ ਗੁਰਬਾਣੀ ਤਾਂ ਇਹ ਦ੍ਰਿੜ੍ਹਾਉਂਦੀ ਹੈ ਕਿ ਗੁਰਬਾਣੀ ਦਾ ਰਸਨ ਰਟਨ ਮਾਤਰੀ ਪਾਠ ਤੇ ਮਸ਼ੀਨ-ਮਤਵਾਤਰੀ ਭਜਨ ਕੀਰਤਨ ਸਦਾ ਹੀ ਸਫ਼ਲ ਅਤੇ ਸੁਖਦਾਈ ਹੈ। ਪਰ ਪ੍ਰੀਤ ਲੜੀ ਦੇ ਫ਼ਿਲਾਸਫ਼ਰ ਇਹ ਦਸਦੇ ਹਨ ਕਿ "ਮਸ਼ੀਨ ਵਾਂਗ ਕੀਤੇ ਚੰਗੀ ਤੋਂ ਚੰਗੀ ਬਾਣੀ ਦੇ ਪਾਠ ਦਾ ਲਾਭ ਕੁਝ ਨਹੀਂ, ਹਾਨੀ ਹੀ ਹਾਨੀ ਹੈ।" ਨਾਲੇ ਇਹ ਭੀ ਲਿਖੀ ਜਾਂਦੇ ਹਨ ਕਿ "ਮੈਂ ਕਦੇ ਨਹੀਂ ਆਖਿਆ ਕਿ ਭਜਨ ਪਾਠ ਨਹੀਂ ਕਰਨੇ ਚਾਹੀਦੇ।" ਉਨ੍ਹਾਂ ਦੇ ਆਖੇ ਦਾ ਇਸ ਤੋਂ ਵੱਧ ਹੋਰ ਕੀ ਸਬੂਤ ਹੋ ਸਕਦਾ ਹੈ ਕਿ ਏਨ੍ਹਾਂ ਨੇ ਆਖ ਆਖ ਕੇ ਅਨੇਕਾਂ ਅੱਲੜ੍ਹ ਗੁਰਸਿੱਖ ਨੌਜਵਾਨਾਂ ਦੇ ਬਾਣੀ ਦੇ ਨਿਤਨੇਮ, ਪਾਠ ਭਜਨ ਛੁਡਾ ਦਿਤੇ। ਪ੍ਰੀਤ ਲੜੀ ਦੇ ਕੁਹਜੇ ਪਰਚਾਰ ਦੇ ਸ਼ਿਕਾਰ ਅਨੇਕਾਂ ਨੌਆਮੋਜ਼ (ਨਵੀਨ) ਸਿੱਖ ਨੌਜੁਆਨ ਹੋਏ ਹੋਏ ਹਨ ਅਤੇ ਦਿਨੋ ਦਿਨ ਹੁੰਦੇ ਜਾ ਰਹੇ ਹਨ। ਮੇਰੇ ਪਾਸ ਕਈ ਅੱਲ੍ਹੜ, ਸੁਬਕ, ਸ਼ਰਧਕ ਸਿੱਖ ਨੌਜੁਆਨਾਂ ਨੇ ਤਸਲੀਮ ਕੀਤਾ ਕਿ ਪ੍ਰੀਤ ਲੜੀ ਦੀ ਸਿਖਿਆ ਨੇ ਹੀ ਉਨ੍ਹਾਂ ਤੋਂ ਬਾਣੀ ਦਾ ਨਿਤਨੇਮ ਪਾਠ ਛੁਡਾਇਆ ਹੈ। ਇਸ ਜ਼ਹਿਰੀਲੇ ਅਸਰ ਤੋਂ ਚੁਕੰਨੇ ਹੋ ਕੇ ਹੀ ਸਮੁੱਚੇ ਸਿੱਖ ਪ੍ਰੈਸ ਨੇ ਪ੍ਰੀਤ ਲੜੀ ਦੀ ਬਿਖ ਭਰੀ ਸਿਖਸ਼ਾ ਨੂੰ ਸੋਧਣ ਲਈ ਕਲਮ ਉਠਾਈ। ਜਿਥੇ ਉਹ ਆਪਣੇ ਆਪ ਨੂੰ ਭਜਨ


bsrstrust.org

ਪਾਠ ਦਾ ਹਾਮੀ ਜਾਂ ਵਿਰੋਧੀ ਜਾਂ ਨਾ-ਵਿਰੋਧੀ ਸਿੱਧ ਕਰਦੇ ਹਨ, ਐਨ ਓਥੇ ਹੀ ਇਹ ਭਜਨ ਪਾਠ ਦੇ ਵਿਰੁਧ ਲਿਖਦੇ ਹਨ। ਦੇਖੋ ਓਹ ਸਫ਼ਾ ੧੯ ਦੇ ਤੀਜੇ ਅੰਕ ਵਿਚ ਲਿਖਦੇ ਹਨ ਕਿ "**ਗੁਰਬਾਣੀ ਦਾ ਪਾਠ ਇਕ ਫ਼ਰਜ਼ੀ ਗੁਣ ਦਾ ਅਭਿਮਾਨ ਪੈਦਾ ਕਰਦਾ ਹੈ, ਨਾਲੇ ਆਤਮਾ ਨੂੰ ਮਕੈਨੀਕਲ ਬਣਾਉਂਦਾ ਹੈ ਤੇ ਕਰੋਧ ਵਧਾਉਂਦਾ ਹੈ।**" ਗੋਇਆ ਇਸ ਦੇ ਭਾ ਦਾ ਬਾਣੀ ਦਾ ਪਾਠ ਕਰਨਾ ਇਕ ਫ਼ਰਜ਼ੀ ਗੁਣ ਹੈ ਅਤੇ ਗੁਰਬਾਣੀ ਦੇ ਪਾਠ ਨਾਲ ਏਨ੍ਹਾਂ ਦੀ ਉਚ-ਖ਼ਿਆਲੀ ਅਨੁਸਾਰ, ਪਾਠ ਕਰਨਹਾਰੇ ਦੇ ਮਨ ਵਿਚ ਅਭਿਮਾਨ ਤੇ ਕ੍ਰੋਧ ਪੈਦਾ ਹੋ ਜਾਂਦਾ ਹੈ। ਗੁਰਬਾਣੀ ਤਾਂ ਕਹਿੰਦੀ ਹੈ ਕਿ "ਹਰਿ ਸਿਮਰਤ ਮੋਹੁ ਮਾਨੁ ਨ ਬਧੈ ॥"[1] ਪਰ ਪ੍ਰੀਤ ਲੜੀਏ ਸੰਪਾਦਕ ਜੀ ਆਖਦੇ ਹਨ ਕਿ ਪਾਠ ਭਜਨ ਨਾਲ ਅਭਿਮਾਨ ਤੇ ਕ੍ਰੋਧ ਪੈਦਾ ਹੁੰਦਾ ਹੈ। ਗਰਬ-ਨਿਵਾਰਨੀ ਗੁਰਬਾਣੀ ਨੂੰ ਗਰਬ, ਗੁਮਾਨ ਤੇ ਕ੍ਰੋਧ ਅਭਿਮਾਨ ਉਪਜਾਵਣ-ਹਾਰੀ ਦੱਸਣਾ ਕੈਸੀ ਸੀਨਾ-ਜ਼ੋਰੀ ਹੈ।

(ਨੰ: ੩)

ਪ੍ਰੀਤ ਲੜੀ ਦੇ ਸੰਪਾਦਕ ਗੁਰੂ ਘਰ, ਗੁਰਦਵਾਰਿਆਂ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਟੇਢੇ ਇਸ਼ਾਰਿਆਂ ਨਾਲ ਨਿਖੇਧੀ ਕਰਦੇ ਹਨ ਅਤੇ ਹਰਿਮੰਦਰ ਸਾਹਿਬ ਵਿਚ ਚੜ੍ਹਾਵਿਆਂ ਚੜ੍ਹਨ ਦੀ ਸਿਖ ਜਨਤਾ ਦੀ ਸ਼ਰਧਾ-ਭਾਵਨੀ ਵਾਲੀ ਪੁਰਾਤਨ ਤੇ ਪਵਿੱਤਰ ਰਸਮ ਨੂੰ ਰੱਬ ਦੇ ਖ਼ੁਸ਼ ਕਰਨ ਲਈ ਖ਼ੁਸ਼ਾਮਦ ਦੱਸਦੇ ਹਨ ਅਤੇ ਬੜੀ ਨਜ਼ਾਕਤ ਨਾਲ ਕਹਿੰਦੇ ਹਨ ਕਿ "**ਮੈਂ ਐਸੇ ਰੱਬ ਦਾ ਕਾਇਲ ਨਹੀਂ, ਜਿਹੜਾ ਦੁਨੀਆ ਵਿਚ ਆਪਣੇ ਘਰ ਨੀਯਤ ਕਰਾ ਕੇ ਓਨ੍ਹਾਂ ਵਿਚ ਆਪਣੀ ਸਿਫ਼ਤ ਸੁਣਨ ਦਾ ਚਾਹਵਾਨ ਹੈ।**" ਦੇਖੋ, ਇਹ ਗੁਰੂ ਘਰ ਦੀ ਅਤੇ ਗੁਰੂ ਸਾਹਿਬਾਨ ਦੇ ਤੱਤ ਪ੍ਰਚਲਤੀ ਭਜਨ ਮੰਦਰ, ਗੁਰਦਵਾਰੇ ਸਾਜਣਹਾਰੀ ਸਤਸੰਗ ਵਿਥਾਰਨੀ ਗਹਿਰ ਗੰਭੀਰ ਮਰਯਾਦਾ ਉਤੇ ਕੈਸੀ ਜ਼ਹਿਰ ਭਰੀ ਛੇੜਖ਼ਾਨੀ ਕੀਤੀ ਹੈ ਅਤੇ ਇਕ ਕੁਹਜੇ ਤਰੀਕੇ ਨਾਲ ਗੁਰੂ ਸਾਹਿਬਾਨ ਦੀ ਸਰਬੱਗ ਗੁਰਮਤਿ ਮੱਤ ਉਤੇ ਕੈਸਾ ਗੁਸਤਾਖ਼ਾਨਾ ਮਖ਼ੌਲ ਉਡਾਇਆ ਹੈ। ਗੁਰੂ ਨਾਨਕ ਸਾਹਿਬ ਦੇਸ਼-ਦੇਸ਼ਾਂਤਰਾਂ ਵਿਖੇ ਰਟਨ ਕਰ ਕੇ ਜਿਥੇ ਗਏ, ਉਥੇ ਪਹਿਲਾਂ ਧਰਮਸ਼ਾਲਾਵਾਂ ਬਣਵਾਈਆਂ ਅਤੇ ਤਿਨ੍ਹਾਂ ਧਰਮ-ਅਸਥਾਨਾਂ ਵਿਖੇ ਸਤਸੰਗ ਅਤੇ ਕੀਰਤਨ-ਮੰਡਲ ਕਾਇਮ ਕੀਤੇ ਅਤੇ ਇਸ

---

੧. ਭੈਰਉ ਮ: ੫, ॥੨॥੩੬॥੪੯, ਪੰਨਾ ੧੧੫੦

bsrstrust.org

ਬਿਧਿ ਨਿਰੋਲ ਗੁਰਮਤਿ ਤੱਤ ਪਰਚਾਰ ਦਾ ਧੁਰਵਾ ਬੰਨ੍ਹਿਆ, ਬਲਕਿ ਭਾਈ ਗੁਰਦਾਸ ਜੀ ਨੇ ਤਾਂ ਸ੍ਰੀ ਗੁਰੂ ਸਾਹਿਬ ਜੀ ਦੇ ਏਸ ਆਦਰਸ਼ ਦਾ ਭਵਿਖਤ-ਦਰਸਾਵਨੀ-ਆਸ਼ਕਾਰ ਏਨ੍ਹਾਂ ਪਦਾਂ ਵਿਚ ਕੀਤਾ ਹੈ:

**ਘਰ ਘਰ ਅੰਦਰਿ ਧਰਮਸਾਲ**
**ਹੋਵੈ ਕੀਰਤਨ ਸਦਾ ਵਿਸੋਆ ॥੨੭॥** (੧)

ਸ੍ਰੀ ਗੁਰੂ ਪਹਿਲੀ ਪਾਤਸ਼ਾਹੀ ਦੀ ਪੈਰਵੀ ਕਰਦਿਆਂ ਹੋਇਆਂ ਸਾਰੇ ਗੁਰੂ ਸਾਹਿਬਾਨ ਨੇ ਧਰਮ-ਅਸਥਾਨ ਰੂਪੀ ਸਤਸੰਗ ਮੰਡਲ, ਮੰਦਰ, ਦੁਆਰੇ ਕਾਇਮ ਕੀਤੇ। ਜੁਗੋ ਜੁਗ ਇਹ ਗੁਰਮਤਿ ਸਤਸੰਗ-ਮੰਡਲ, ਮੰਦਰ, ਅਸਥਾਨ, ਆਦਰਸ਼ ਅਟੱਲ ਰਹੇਗਾ। ਏਨ੍ਹਾਂ ਨੂੰ ਮੇਟਣਹਾਰਾ ਕੋਈ ਨਹੀਂ, ਝਖ ਮਾਰਨਹਾਰ ਝਖ ਮਾਰਦੇ ਰਹਿਣਗੇ। ਗੁਰੂ ਪੰਚਮ ਪਾਤਸ਼ਾਹੀ ਗੁਰੂ ਅਰਜਨ ਸਾਹਿਬ ਜੀ ਨੇ ਭੀ ਗੁਰੂ ਪਹਿਲੀ ਪਾਤਸ਼ਾਹੀ ਦੇ ਆਦਰਸ਼ਾਂ ਦੀ ਅਜਿਹੀ ਪਵਿਤਰ ਪਾਵਨ ਤਕਲੀਦ (ਪੁਸ਼ਟੀ) ਕੀਤੀ ਕਿ ਗੁਰਬਾਣੀ ਦੇ ਅਖੰਡ ਕੀਰਤਨੀ ਸਤਸੰਗ ਲਈ ਅਤੇ ਗੁਰ-ਸੰਗਤਾਂ ਦੇ ਜੁਗੋ ਜੁਗ ਜੁੜਦੇ ਰਹਿਣ ਲਈ ਅਤੇ ਜੁੜ ਕੇ ਪਰਮਾਤਮਾ ਪਾਰਬ੍ਰਹਮ ਪਰਮੇਸ਼ਵਰ, ਵਾਹਿਗੁਰੂ ਦੇ ਭਜਨ ਕੀਰਤਨ ਕਰਦੇ ਰਹਿਣ ਲਈ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸ੍ਰੀ ਅੰਮ੍ਰਿਤਸਰ ਵਿਖੇ ਅਬਿਚਲ ਨੀਂਹ ਰੱਖੀ। ਪ੍ਰਭੂ ਅਕਾਲ ਪੁਰਖ ਦੀ ਹਰਿ ਜਸ ਰੂਪੀ ਅਖੰਡ ਕੀਰਤੀ ਲਈ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਾਜਨਾ ਸਾਜੀ, ਜਿਸ ਹਰਿਮੰਦਰ ਵਿਖੇ ਖ਼ਾਸ ਉਸ ਅਸਥਾਨ ਉਤੇ, ਜਿਥੇ ਕਿ ਸ੍ਰੀ ਅਕਾਲ ਪੁਰਖ ਦੀ ਦਿੱਬ-ਜੋਤਿ ਦਰਸ਼ਨ ਮੂਰਤੀ ਦਾ ਪ੍ਰਤੱਖ-ਦੀਦਾਰ ਜਲਵਾ, ਗੁਰੂ ਅਰਜਨ ਸਾਹਿਬ ਜੀ ਨੇ ਦਰਸ਼ਨੀ ਡਿਉਢੀ ਤੇ ਖੜ੍ਹਿਆਂ ਸ੍ਰੀ ਅੰਮ੍ਰਿਤਸਰ ਸਰੋਵਰ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਕਾਰ ਸੇਵਾ ਕਰਨਹਾਰੀਆਂ ਗੁਰ-ਸੰਗਤਾਂ ਨੂੰ ਜਲਵਾਇਆ ਸੀ, ਜਿਥੇ ਕਿ "ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥"[1] ਦੇ ਵਾਕ ਅਨੁਸਾਰ ਅਗਮ ਅਗੋਚਰ ਪਾਰਬ੍ਰਹਮ ਸੁਆਮੀ ਜ਼ਹੂਰ ਅਫ਼ਸ਼ਾਨ ਹੋਇਆ ਸੀ। ਹਾਂ ਜੀ! ਖ਼ਾਸ ਉਸ ਮੁਤਬੱਰਕ, ਅਤੀ ਮੁਤਬੱਰਕ ਅਸਥਾਨ ਉਤੇ ਭੂਤ ਭਵਿਖ ਭਵਾਨ ਦੇ ਜਾਨਣਹਾਰੇ ਗੁਰੂ ਪੰਚਮ ਪਾਤਸ਼ਾਹ ਜੀ ਨੇ ਕਲਜੁਗ ਦੇ ਬੋਹਿਥ, ਨਾਮ ਦੇ ਜਹਾਜ਼, ਗੁਰੂ ਗ਼ਰੀਬ ਨਿਵਾਜ਼, ਆਦਿ

---

੧. ਸੂਹੀ ਮ: ੫, ॥੧॥੭॥੧੦, ਪੰਨਾ ੭੮੩



bsrstrust.org

ਅੰਤ ਏਕੋ ਗੁਰੂ ਅਵਤਾਰ, ਦਸੇ ਗੁਰੂ ਸਾਹਿਬਾਨ ਦੇ ਸੱਚੇ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾਇਆ ਅਤੇ "ਗੁਰ ਮੂਰਤਿ ਗੁਰ ਸਬਦੁ ਹੈ"[1] ਦਾ ਗੁਨ ਘਨਘੋਰੀ ਨਗਾਰਾ ਬਜਾਇਆ ਹੈ। ਉਸ ਅਸਥਾਨ ਦੀ ਅੱਜ ਇਹ ਪ੍ਰੀਤ ਲੜੀ ਦੇ ਸੰਪਾਦਕ ਬਰਮਲਾ ਨਿਖੇਧੀ ਕਰ ਰਹੇ ਹਨ, ਅਤੇ ਗੁਰਸਿੱਖਾਂ ਸੰਦੀ ਹਰਿਮੰਦਰ ਸਾਹਿਬ ਬਾਰੇ ਹੁੰਦੀ ਚਲੀ ਆਈ, ਹੋਇ ਰਹੀ, ਸਦਾ ਜੁਗ ਜੁਗ ਹੁੰਦੀ ਰਹਿਣ ਵਾਲੀ ਮਾਨ ਪ੍ਰਤਿਸ਼ਟਾ ਪੂਜਾ ਨੂੰ ਬੁੱਤ-ਪ੍ਰਸਤੀ ਦੱਸਦੇ ਹਨ ਅਤੇ ਇਸ ਬਿਧਿ ਘੋਰ ਨਿੰਦਾ ਕਰ ਕੇ ਸਿੱਖਾਂ ਦੇ ਦਿਲਾਂ ਨੂੰ ਦੁਖਾ ਰਹੇ ਹਨ। ਸ੍ਰੀ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ:

**ਜਿਥੈ ਬਾਬਾ ਪੈਰ ਧਰੈ ਪੂਜਾ ਆਸਣੁ ਥਾਪਣਿ ਸੋਆ ॥੨੭॥** (੧)

ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਵਾਕ ਹੈ ਕਿ:

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥**
**ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥** (੪੫੦)

ਪਰ ਇਹ ਪ੍ਰੀਤ ਲੜੀਏ ਲਿਖਾਰੀ ਗੁਰਸਿੱਖਾਂ ਦੀ ਇਸ ਪਾਵਨ ਪਵਿੱਤਰ ਪੂਜਾ ਨੂੰ ਬੁੱਤ-ਪ੍ਰਸਤੀ ਦੱਸ ਕੇ ਲੋਕਾਂ ਨੂੰ ਬਹਿਕਾ ਰਹੇ ਹਨ ਅਤੇ ਗੁਰੂ ਘਰ ਤੋਂ ਮੁਨਹਰਫ਼ ਕਰਾ ਰਹੇ ਹਨ। ਸਤਿਗੁਰੂ ਦੀ ਬਾਣੀ ਤਾਂ ਦੱਸਦੀ ਹੈ ਕਿ "ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ"[2] ਅਤੇ ਅੰਮ੍ਰਿਤਸਰ ਅਤੇ ਸ੍ਰੀ ਤਰਨ ਤਾਰਨ ਸਾਹਿਬ ਦੇ ਸ੍ਰੀ ਹਰਿਮੰਦਰਾਂ, ਗੁਰਦਵਾਰਿਆਂ ਆਦਿ ਵਿਚ ਜੁੜੀ, ਨਿਤ ਨਿਤ ਜੁੜਦੀ ਅਤੇ ਸਦ ਸਦ ਜੁੜਦੇ ਰਹਿਣ ਵਾਲੀ ਸੰਗਤ ਵਿਚ ਹੀ ਅਨੇਕਾਂ ਸਤਸੰਗੀਆਂ ਨੇ ਸੰਗਤ ਵਿਚ ਵੱਸਣਹਾਰੇ ਹਰੀ ਪ੍ਰਭੂ ਪਰਮਾਤਮਾ ਦਾ ਪਰਤੱਖ ਦਰਸ਼ਨ ਕੀਤਾ ਹੈ ਅਤੇ ਹਜ਼ਾਰਾਂ ਲੱਖਾਂ ਕਰੋੜਾਂ ਗੁਰਮੁਖ, ਸਤਸੰਗੀ ਅਗਾਹਾਂ ਨੂੰ ਜੁਗਾਂ ਪਰਯੰਤ ਇਹ ਪਰਤੱਖ ਦਰਸ਼ਨ ਕਰਦੇ ਰਹਿਣਗੇ। ਪਰ ਪ੍ਰੀਤ ਲੜੀ ਦੇ ਲਿਖਾਰੀ ਦਾ ਪਰਚਾਰ ਇਹ ਹੈ ਕਿ 'ਰੱਬ ਹਰਿਮੰਦਰਾਂ ਵਿਚ ਨਹੀਂ ਵੱਸਦਾ ਤੇ ਮੈਂ ਮੰਦਰ ਰੂਪ ਘਰ ਵਿਚ ਵਸਣਹਾਰ ਰੱਬ ਨੂੰ ਨਹੀਂ ਮੰਨਦਾ।' ਨਾਲੇ ਭੋਲੇ ਭਾਲੇ ਸਿੱਖਾਂ ਨੂੰ ਪਤਿਆ ਰਖਣ ਲਈ ਇਹ ਭੀ ਪੈਂਤੜਾ ਬਦਲਾਇਆ ਜਾਂਦਾ ਹੈ ਅਤੇ ਪੋਚੇ-ਮਾਰੀ ਲਿਖਤ ਲਿਖੀ ਜਾਂਦੀ ਹੈ, 'ਮੈਂ ਇਹ ਨਹੀਂ ਆਖਦਾ ਕਿ ਰੱਬ ਕੋਈ ਨਹੀਂ।' ਐ ਗੁਰਸਿੱਖ ਵਾੜੀ ਦੀ

---

੧. ਵਾਰਾਂ ਭਾਈ ਗੁਰਦਾਸ ਜੀ, ਵਾਰ ੨੪, ਪਉੜੀ ੧੧ ਅਤੇ ੨੫

੨. ਸਲੋਕ ਮ: ੪, (੧॥੪) ਪੰਨਾ ੧੩੧੪

bsrstrust.org

ਉਗਵਨ-ਹਾਰੀ ਪਨੀਰੀ ਦੇ ਨਵ-ਸ਼ਗੁਫ਼ਤਿਓ! ਤੁਸੀਂ ਇਸ ਪ੍ਰੀਤ ਲੜੀ ਦੀਆਂ ਪੈਂਤੜਾ-ਬਦਲ-ਪੇਚ-ਲਿਖਤਾਂ ਉਤੇ ਮੱਤ ਪਤੀਜੋ, ਇਹ ਉਸੇ ਨਾਸਤਕਤਾ ਦਾ ਪਰਚਾਰ ਹੈ ਜਿਸ ਨੇ ਕਿ ਰੂਸ ਵਿਖੇ ਦੁਨੀਆ ਭਰ ਦੇ ਧਰਮਾਂ, ਮਜ਼ਹਬਾਂ ਦੇ ਧਰਮ-ਮੰਦਰਾਂ, ਗਿਰਜਿਆਂ, ਚਰਚਾਂ, ਮਸੀਤਾਂ ਦਾ ਮਲੀਆਮੇਟ ਕਰ ਦਿਤਾ ਹੈ। ਇਸ ਦਾ ਪਰਚਾਰ ਖ਼ਤਰਨਾਕ ਹੈ, ਜਿਸ ਨੇ ਅਨੇਕਾਂ ਨੌਜੁਆਨਾਂ ਦੇ ਦਿਲਾਂ ਪਰ ਭੈੜਾ ਅਸਰ ਪਾ ਕੇ ਉਨ੍ਹਾਂ ਨੂੰ ਬਾਣੀ ਪੜ੍ਹਨ ਤੋਂ ਹਟਾਇਆ ਹੈ, ਇਸ ਲਈ ਇਸ ਦੇ ਪਰਚਾਰ ਨੂੰ ਰੋਕਣਾ ਜਨਤਾ ਦੇ ਲਾਭ ਲਈ ਖ਼ਾਸ ਤੌਰ ਪਰ ਜ਼ਰੂਰੀ ਹੈ।

# ਪ੍ਰੀਤ ਲੜੀ ਤੇ ਰੱਬ

(ਨੰ: ੧)

ਪ੍ਰੀਤ ਲੜੀ ਮਹੀਨਾ ਜੁਲਾਈ ਦੇ ਸਫ਼ਾ ੧੯ ਪਰ ਅੱਠਵੇਂ ਅੰਕ ਵਿਚ, ਅਕਾਲ ਉਸਤਤਿ ਦੇ ਇਕ ਛੰਦ ਦੇ ਵਿਚਕਾਰਿਓਂ ਜਿਹਿਓਂ ਪ੍ਰੀਤ ਲੜੀ ਦੇ ਸੰਪਾਦਕ ਦੋ ਪਉੜੀਆਂ ਦਾ ਹਵਾਲਾ (ਪ੍ਰਮਾਣ) ਦੇ ਕੇ ਲਿਖਦੇ ਹਨ : ਮੈਂ ਜਿਸ ਰੱਬ ਦੀ ਹੋਂਦ ਨਾਲ ਸੰਤੁਸ਼ਟ ਤੇ ਬਿਲਕੁਲ ਬੇਚਿੰਤ ਹਾਂ, ਉਹ ਇਸ ਤਰ੍ਹਾਂ ਦਾ ਹੈ :

**ਨ ਨੇਹੰ ਨ ਗੇਹੰ ਨ ਸੋਕੰ ਨ ਸਾਕੰ ॥**
**ਪਰੇਅੰ ਪਵਿਤ੍ਰੰ ਪੁਨੀਤੰ ਅਤਾਕੰ ॥**
**ਨ ਜਾਤੰ ਨ ਪਾਤੰ ਨ ਮਿਤ੍ਰੰ ਨ ਮੰਤ੍ਰੇ ॥**
**ਨਮੋ ਏਕ ਤੰਤ੍ਰੇ ਨਮੋ ਏਕ ਤੰਤ੍ਰੇ ॥੧੪॥੧੦੪॥**
**ਨ ਧਰਮੰ ਨ ਭਰਮੰ ਨ ਸਰਮੰ ਨ ਸਾਕੇ ॥**
**ਨ ਬਰਮੰ ਨ ਚਰਮੰ ਨ ਕਰਮੰ ਨ ਬਾਕੇ ॥**
**ਨ ਸਤ੍ਰੰ ਨ ਮਿਤ੍ਰੰ ਨ ਪੁਤ੍ਰੰ ਸਰੂਪੇ ॥**
**ਨਮੋ ਆਦਿ ਰੂਪੇ ਨਮੋ ਆਦਿ ਰੂਪੇ ॥੧੫॥੧੦੫॥**

ਪਰ ਉਨ੍ਹਾਂ ਨੂੰ ਏਸ ਛੰਦ ਦੀ ਪਉੜੀ ੮ ਤੇ ੯ ਵਿਚ ਲਿਖੀਆਂ ਹੋਈਆਂ, "ਨ ਨੇਹੰ ਨ ਗੇਹੰ ਸਨੇਹੰ ਸਨਾਥੇ"[1] ਅਤੇ "ਸਦੈਵੰ ਸਦਾ ਸਰਬ ਸਰਬਤ੍ਰ ਸਨੇਹੰ" ਵਾਲੀਆਂ ਪੰਗਤੀਆਂ ਦੇ ਭਾਵ ਵਾਲੇ ਰੱਬ ਦੀ ਹੋਂਦ ਮੰਨਣ ਤੋਂ ਅਸੰਤੁਸ਼ਟਤਾ

---

੧. ਅਕਾਲ ਉਸਤਤਿ, ਛੰਦ ੯੮ ਅਤੇ ੯੯



bsrstrust.org

ਅਤੇ ਬੜੀ ਭਾਰੀ ਚਿੰਤਾ ਹੈ, ਕਿਉਂਕਿ ਓਹਨਾਂ ਪੰਗਤੀਆਂ ਦੇ ਭਾਵ ਤੋਂ ਰੱਬ ਅਨਾਥਾਂ ਦਾ ਸੱਚਾ ਨਾਥ, ਸਨਾਥ ਸਿਧ ਹੋ ਜਾਂਦਾ ਹੈ, ਨਾਲੇ ਸਾਰਿਆਂ ਨਾਲ ਨੇਹੁ ਰੱਖਣ ਵਾਲਾ ਅਤੇ ਸਦੀਵਕਾਲ ਹੀ ਸਦਾ ਸੱਚਾ ਨੇਹੁ ਰੱਖਣ ਵਾਲਾ ਸਿਧ ਹੋ ਜਾਂਦਾ ਹੈ। ਇਹ ਦੋਇ ਉਪਰਲੇ ਛੰਦ ਪ੍ਰਮਾਣ ਵਜੋਂ ਦੇ ਕੇ ਪ੍ਰੀਤ ਲੜੀ ਦੇ ਸੰਪਾਦਕ ਲਿਖਦੇ ਹਨ—"**ਇਸ 'ਨ ਨੇਹੰ ਨ ਗੇਹੰ' ਸਿਫ਼ਤ ਵਾਲੇ ਰੱਬ ਦੇ ਸਭ ਸਾਂਝੇ ਤੇ ਅਟੱਲ ਕਾਨੂੰਨ ਹੇਠੰ ਰਹਿ ਕੇ ਮੈਨੂੰ ਸਿਵਾਏ ਸਚਾਈ, ਇਨਸਾਫ਼ ਤੇ ਪ੍ਰੇਮ ਦੇ ਕਿਸੇ ਹੋਰ ਅਡੰਬਰ ਦੀ ਲੋੜ ਨਹੀਂ ਭਾਸਦੀ।**"

ਅਸੀਂ ਆਪਣੇ ਪ੍ਰੀਤ ਲੜੀਏ ਭਰਾ ਨੂੰ ਜਣਾਉਣਾ ਚਾਹੁੰਦੇ ਹਾਂ ਕਿ ਇਸ ਨੂੰ ਅਜੇ ਤਾਈਂ ਤੱਤ ਸਚਾਈ, ਤੱਤ ਇਨਸਾਫ਼ ਅਤੇ ਸੱਚੇ ਪ੍ਰੇਮ ਦਾ ਮੁਸ਼ਕ ਭੀ ਨਹੀਂ ਆਇਆ ਅਤੇ ਨਾ ਹੀ ਉਸ ਨੂੰ 'ਨ ਨੇਹੰ ਨ ਗੇਹੰ' ਸਿਫ਼ਤ ਵਾਲੇ ਸਰਬ ਲਈ ਸਾਂਝੇ ਤੇ ਅਟੱਲ ਕਾਨੂੰਨ ਹੇਠ ਰਹਿਣ ਦਾ ਚੱਜ ਹੀ ਆਇਆ ਹੈ। ਉਸ ਦੀ ਸਮਝ ਅੰਦਰ ਜੋ ਅਕਾਲ ਉਸਤਤਿ ਦੀ ਬਾਣੀ ਦੇ ਸਾਰੇ ਛੰਦਾਂ ਨੂੰ ਉਲੰਘ ਕੇ ਕੇਵਲ ਇਨ੍ਹਾਂ ਉਪਰਲੇ ਦੋਹਾਂ ਛੰਦਾਂ ਅਤੇ ਖ਼ਾਸ ਕਰ 'ਨ ਨੇਹੰ ਨ ਗੇਹੰ' ਵਾਲੀ ਪੰਗਤੀ ਦੀ ਸਿਫ਼ਤ ਵਾਲੇ ਰੱਬ ਵਿਚ ਹੀ ਸਭ ਵਿਚ ਸਾਂਝੇ ਤੇ ਅਟੱਲ ਕਾਨੂੰਨ ਦੀ ਪਤੀਜ ਅਤੇ ਪ੍ਰਤੀਤ ਭਾਸੀ ਹੈ ਅਤੇ ਏਸ ਕਾਨੂੰਨ ਹੇਠ ਰਹਿਣ ਦੀ ਹੀ ਉਸ ਨੂੰ ਚੌਂਪ ਆਈ ਹੈ ਅਤੇ ਏਸੇ ਅਟੱਲ ਕਾਨੂੰਨ ਹੇਠ ਰਹਿ ਕੇ ਉਸ ਨੂੰ ਸਿਵਾਏ ਸਚਾਈ, ਇਨਸਾਫ਼ ਅਤੇ ਪ੍ਰੇਮ ਦੇ ਕਿਸੇ ਹੋਰ ਅਡੰਬਰ ਦੀ ਲੋੜ ਨਹੀਂ ਭਾਸਦੀ। ਇਹ ਲੋੜਾਂ ਭੀ ਉਸ ਦੇ ਕਥਨੀ ਮਾਤਰ ਮਨੋਰਾਜ ਦੀਆਂ ਨਿੱਜ ਅਡੰਬਰ ਘਾੜਤਾਂ ਹਨ। ਅਕਾਲ ਪੁਰਖ ਦੇ ਕਿਸੇ ਅਟੱਲ ਕਾਨੂੰਨ ਉਤੇ ਉਸ ਦਾ ਨਿਸਚਾ ਨਹੀਂ, ਜੇ ਹੋਵੇ ਤਾਂ ਅਕਾਲ ਉਸਤਤਿ ਦੀ ਸਮੂਹ ਬਾਣੀ ਵਿਚ ਵਰਣਨ ਕੀਤੇ ਅਟੱਲ ਕਾਨੂੰਨ ਦੀ ਸਚਾਈ ਨੂੰ ਕਿਉਂ ਉਲੰਘਣ ਕਰੇ? ਉਸ ਨੂੰ ਆਪਣੇ ਨਿਜ ਦੇ ਅਕੀਦੇ ਨਾਲ ਪਰਖੀ ਹੋਈ ਸਚਾਈ ਹੀ ਪਸੰਦ ਆਉਂਦੀ ਹੈ; ਪਰੰਤੂ ਉਸ ਨੂੰ ਇਸ ਬਾਣੀ, 'ਅਕਾਲ ਉਸਤਤਿ' ਰੂਪੀ ਬਾਣੀ ਦੇ :

**ਸਭ ਕੋ ਕਾਲ ਸਭਨ ਕੋ ਕਰਤਾ॥**
**ਰੋਗ ਸੋਗ ਦੋਖਨ ਕੋ ਹਰਤਾ॥**
**ਏਕ ਚਿਤ ਜਿਹ ਇਕ ਛਿਨ ਧਿਆਇਓ॥**
**ਕਾਲ ਫਾਸ ਕੇ ਬੀਚ ਨ ਆਇਓ॥੧੦॥**

bsrstrust.org

ਵਾਲਾ ਛੰਦ ਪਦ ਵਿਚ ਵਰਣਨ ਕੀਤੀਆਂ ਸਿਫ਼ਤਾਂ ਵਾਲੇ ਰੱਬ ਉਤੇ ਕੋਈ ਨਿਸਚਾ ਨਹੀਂ ਅਤੇ ਨਾ ਹੀ ਇਨ੍ਹਾਂ ਸਿਫ਼ਤਾਂ ਵਾਲਾ ਰੱਬ ਉਸ ਨੂੰ ਸਰਬ ਲਈ ਸਾਂਝੇ ਅਤੇ ਅਟੱਲ ਕਾਨੂੰਨ ਵਾਲਾ ਰੱਬ ਭਾਸਦਾ ਹੈ, ਅਤੇ ਨਾ ਹੀ ਏਸ ਸਿਫ਼ਤ ਵਾਲੇ ਰੱਬ ਵਿਚ ਉਸ ਨੂੰ ਕੋਈ ਸੱਚਾਈ, ਇਨਸਾਫ਼ ਅਤੇ ਪ੍ਰੇਮ ਹੀ ਭਾਸਦਾ ਹੈ। ਉਸ ਨੂੰ 'ਬਿਸ੍ਵਪਾਲ, ਜਗਤ ਕਾਲ, ਦੀਨ ਦਿਆਲ, ਬੈਰੀਸਾਲ[1], ਸਦਾ ਪ੍ਰਤਿਪਾਲ ਅਤੇ ਜੋ ਜਮ-ਜਾਲ ਤੇ ਰਹਿਤ ਹੈ' ਵਾਲੇ ਅਕਾਲ ਉਸਤਤੀ ਸਿਫ਼ਤਾਂ ਸੰਪੰਨ ਰੱਬ ਦੇ ਅਟੱਲ ਕਾਨੂੰਨ ਹੇਠਾਂ ਰਹਿਣਾ ਮਨਜ਼ੂਰ ਨਹੀਂ, ਉਸ ਨੂੰ 'ਅਕਾਲ ਉਸਤਤਿ' ਦੀ ਬਾਣੀ ਦੇ ਏਸ ਛੰਦ ਵਿਚ:

> **ਕਿਤੇ ਕ੍ਰਿਸਨ ਸੇ ਕੀਟ ਕੋਟੈ ਉਪਾਏ ॥**
> **ਉਸਾਰੇ ਗੜ੍ਹੇ ਫੇਰ ਮੇਟੇ ਬਨਾਏ ॥**
> **ਅਗਾਧੇ ਅਭੈ ਆਦਿ ਅਦ੍ਵੈ ਅਬਿਨਾਸੀ ॥**
> **ਪਰੇਅੰ ਪਰਾ ਪਰਮ ਪੂਰਨ ਪ੍ਰਕਾਸੀ ॥੬॥੯੬॥**

ਦੱਸੀਆਂ ਸਿਫ਼ਤਾਂ ਵਾਲੇ ਰੱਬ ਵਿਚ ਕੋਈ ਇਨਸਾਫ਼, ਸਚਾਈ ਅਤੇ ਪ੍ਰੇਮ ਭਾਵਨਾ ਨਹੀਂ ਪ੍ਰਤੀਤ ਹੁੰਦੀ। ਇਸ ਛੰਦ ਅੰਦਰ ਚਾਹੇ ਗੁਰੂ ਸਾਹਿਬ ਅਕਾਲ ਪੁਰਖ ਨੂੰ 'ਅਦ੍ਵੈ' ਦਵੈਤ ਰਹਿਤ ਸਿਫ਼ਤਾਂ ਵਾਲਾ ਵਰਣਨ ਕਰਦੇ ਹਨ, ਪਰ ਅਸਾਡੇ ਪ੍ਰੀਤ ਲੜੀਏ ਭਰਾ ਨੂੰ ਅਜੇ ਭੀ ਇਹ ਰੱਬ ਇਨਸਾਫ਼ ਦੀਆਂ ਸਿਫ਼ਤਾਂ ਵਾਲਾ ਪ੍ਰਤੀਤ ਨਹੀਂ ਹੁੰਦਾ। ਏਸ 'ਅਕਾਲ ਉਸਤਤਿ' ਰੂਪ ਬਾਣੀ ਦੇ ੯੯ਵੇਂ ਛੰਦ ਵਿਚ ਅਕਾਲ ਪੁਰਖ ਦੀ ਸਿਫ਼ਤ ਇਉਂ ਵਰਣਨ ਹੈ—"ਨ ਲੋਭੰ ਨ ਚੋਭੰ.....ਨ ਸਤ੍ਰੰ ਨ ਮਿਤ੍ਰੰ ਨ ਨੇਹੰ ਨ ਗੇਹੰ॥ ਸਦੈਵੰ ਸਦਾ ਸਰਬ ਸਰਬਤ੍ਰ ਸਨੇਹੰ॥" ਅਰਥਾਤ ਅਕਾਲ ਪੁਰਖ ਲੋਭ ਤੋਂ ਰਹਿਤ ਹੈ, ਚੋਭ (ਈਰਖਾ) ਤੋਂ ਰਹਿਤ ਹੈ; ਨਾ ਉਸ ਦਾ ਕੋਈ ਸ਼ਤਰੂ (ਦੁਸ਼ਮਣ) ਹੈ, ਨਾ ਉਸ ਦਾ ਕੋਈ ਖ਼ਾਸ ਮਿੱਤਰ ਹੈ; ਨਾ ਉਸ ਦਾ ਕਿਸੇ ਨਾਲ ਮੋਹ ਮਮਤਾ ਮਈ (ਤ੍ਰੈਗੁਣੀ ਵਾਲਾ) ਨੇਹ (ਪਿਆਰ) ਹੈ, ਨਾ ਪਕੜ (ਗੇਹ—ਗ੍ਰਹਿਣ) ਹੈ। ਉਹ ਸਦੈਵੰ (ਸਦਾ ਨਿੱਤ) ਹੈ ਅਤੇ ਸਭ ਦਾ ਮਿੱਤਰ ਹੈ; ਸਭਨਾਂ ਨਾਲ ਹਰ ਸਮੇਂ ਪਿਆਰ ਕਰਨ ਵਾਲਾ ਹੈ। ਪਰ ਪ੍ਰੀਤ ਲੜੀਏ ਸੱਜਣ ਨੂੰ ਏਨ੍ਹਾਂ ਸਿਫ਼ਤਾਂ ਵਾਲਾ ਰੱਬ ਪ੍ਰੇਮ ਕਰਨ ਵਾਲਾ ਅਤੇ ਇਨਸਾਫ਼ ਕਰਨ ਵਾਲਾ ਰੱਬ ਤਾਂ ਭਾਸਦਾ ਹੈ ਜੇ ਇਹ ਰੱਬ ਕਿਸੇ ਦਵੈਖੀ ਨੂੰ ਦੰਡ ਨਾ ਦੇਵੇ ਅਤੇ ਕਿਸੇ ਨੂੰ ਜਾਨੋਂ ਨਾ ਮਾਰੇ; ਸਗੋਂ ਉਨ੍ਹਾਂ ਨੂੰ ਦੁਸ਼ਟਾਂ ਨੂੰ ਦੰਡ ਦੇਣ ਵਾਲਾ ਰੱਬ ਕਰੋਧੀ

੧. ਬੈਰੀਸਾਲ—ਵੈਰੀਆਂ ਦਾ ਦੁਖਦਾਈ ਅਤੇ ਦੰਡ-ਦਾਤਾ।



bsrstrust.org

ਰੱਬ ਭਾਸਦਾ ਹੈ ਅਤੇ ਦੇਵਤਿਆਂ ਦੀ ਰਖਿਆ ਕਰਨ ਵਾਲਾ ਅਤੇ ਦੈਂਤਾਂ ਨੂੰ ਦਮਨ ਕਰਨ ਵਾਲਾ ਦੋਖੀ ਤੇ ਪਖਸ਼ਪਾਤੀ ਰੱਬ ਭਾਸਦਾ ਹੈ। ਪਰੰਤੂ 'ਅਕਾਲ ਉਸਤਤਿ' ਗੁਰਬਾਣੀ ਦੇ ੧੦੦ਵੇਂ ਛੰਦ ਦੀ ਇਹ ਪੰਗਤੀ : "ਨ ਕਾਮੰ ਨ ਕ੍ਰੋਧੰ ਨ ਲੋਭੰ ਨ ਮੋਹੰ ॥ ਅਜੋਨੀ ਅਛੈ ਆਦਿ ਅਦ੍ਵੈ ਅਜੋਹੰ ॥" ਸਿਫ਼ਤਾਂ ਵਾਲਾ ਰੱਬ ਵਰਣਨ ਕਰਦੀ ਹੈ। ਅਰਥਾਤ ਅਕਾਲ ਪੁਰਖ ਦੀ ਜ਼ਾਤ-ਇ-ਪਾਕ ਅੰਦਰ ਨਾ ਕਾਮ ਹੈ, ਨਾ ਕ੍ਰੋਧ ਹੈ, ਨਾ ਲੋਭ ਹੈ, ਨਾ ਮੋਹ ਹੈ........ਮੁੱਢ ਤੋਂ ਹੀ ਦਵੈਖ ਤੋਂ ਰਹਿਤ ਹੈ।

ਰੱਬ ਦੀ ਮਨ-ਮੰਨੀ ਸਚਾਈ ਅਤੇ ਇਨਸਾਫ਼-ਪਸੰਦੀ ਸਿੱਧ ਕਰਨ ਲਈ ਅਸਾਡਾ ਪ੍ਰੀਤ ਲੜੀਆ ਇਕ-ਪੱਖੀ ਵੀਰ 'ਨ ਨੇਹੰ ਨ ਗੇਹੰ' ਦੇ ਪ੍ਰਮਾਣ ਨੂੰ ਤਾਂ 'ਅਕਾਲ ਉਸਤਤਿ' ਬਾਣੀ ਦੇ 'ਭੁਜੰਗ ਪ੍ਰਯਾਤ ਛੰਦ' ਵਿਚੋਂ ਪ੍ਰਸੰਨ ਹੋ ਕੇ ਲੈਂਦਾ ਹੈ, ਪਰ ਏਸੇ ਛੰਦ ਵਿਚੋਂ 'ਕਹੂੰ ਨੇਹ ਗ੍ਰੇਹੰ' (੧੦੯) ਦੇ ਪ੍ਰਮਾਣ ਨੂੰ ਅਖੋਂ ਓਹਲੇ ਕਰ ਜਾਂਦਾ ਹੈ। "ਨ ਧਰਮੰ ਨ ਭਰਮੰ ਨ ਸਰਮੰ ਨ ਸਾਕੇ" ਦਾ ਪ੍ਰਮਾਣ ਏਸ ਛੰਦ ਵਿਚੋਂ ਲੈਣ ਕਰ ਓਹ ਆਪਣੇ ਆਪ ਨੂੰ ਹੱਕ ਬਜਾਨਬ ਸਮਝਦਾ ਹੈ, ਪਰ ਏਸ ਛੰਦ ਦੇ 'ਕਹੂੰ ਧਰਮ ਕੇ ਕਰਮ ਕੇ ਹਰਮ ਜਾਨੇ' (੧੦੮) ਵਾਲੇ ਪ੍ਰਮਾਣ ਵਲ ਓਹ ਝਾਤੀ ਹੀ ਨਹੀਂ ਮਾਰਦਾ। ਪਿਆਰੇ ਪ੍ਰੀਤ ਲੜੀਆ ਜੀਓ!

ਕਹੂੰ ਜੁਆਲੰ ਸਰੂਪੰ ਜਰਾ ਰਹਤ ਦੇਹੰ ॥
ਕਹੂੰ ਨੇਹੰ ਦੇਹ ਕਹੂੰ ਤਿਆਗ ਗ੍ਰੇਹੰ ॥੨੪॥੧੧੪॥

ਅਤੇ— ਕਹੂੰ ਜੋਗ ਭੋਗੀ ਕਹੂੰ ਰੋਗ ਰਾਗੀ ॥
ਕਹੂੰ ਰੋਗ ਹਰਤਾ ਕਹੂੰ ਭੋਗ ਤਿਆਗੀ ॥
ਕਹੂੰ ਰਾਜ ਸਾਜੰ ਕਹੂੰ ਰਾਜ ਰੀਤੰ ॥
ਕਹੂੰ ਪੂਰਨ ਪ੍ਰਗਿਆ ਕਹੂੰ ਪਰਮ ਪ੍ਰੀਤੰ ॥੨੫॥੧੧੫॥

ਅਤੇ— ਕਹੂੰ ਮੰਤ੍ਰ ਬਿਦਿਆ ਕਹੂੰ ਤੰਤ੍ਰ ਸਾਰੰ ॥
ਕਹੂੰ ਜੰਤ੍ਰ ਰੀਤੰ ਕਹੂੰ ਸਸਤ੍ਰ ਧਾਰੰ ॥੨੭॥੧੧੭॥

ਇਹ ਸਾਰੇ ਰੱਬ ਦੇ ਰੰਗ ਹਨ। ਇਹ ਤੁਸਾਡੀ ਅਲਪੱਗ ਦ੍ਰਿਸ਼ਟ-ਬ੍ਰਿਤ-ਕ੍ਰਾਂਤੀ ਨੂੰ ਐਵੇਂ ਭਰਮ ਚਿਤਰਾਂਤੀ ਹੀ ਲੱਗੀ ਹੋਈ ਹੈ, ਜੋ ਸਰਬੱਗ ਮਹਾਂ ਪੁਰਖਾਂ ਦੀ ਅਕਾਲ ਬਾਣੀ ਦੇ ਭਿੰਨ ਭਿੰਨ ਭਾਵਾਂ ਵਿਚ ਅਣਹੋਏ ਵਿਤਕਰੇ ਪਾਉਂਦੀ ਹੈ। ਤੁਹਾਡੇ ਤਿਮਰ ਅਗਿਆਨ ਦੇ ਛਉੜ ਕੱਟ ਜਾਣ ਤਾਂ ਤੁਸਾਂ ਨੂੰ ਪ੍ਰਮਾਰਥੀ

bsrstrust.org

ਭਾਵਾਂ ਦੀ ਤੱਤ ਸਚਾਈ ਦਾ ਥਹੁ ਲੱਗ ਸਕਦਾ ਹੈ, ਐਵੇਂ ਨਹੀਂ। ਜੇ ਤੁਸੀਂ ਸੱਚ ਮੁੱਚ ਹੀ 'ਨ ਨੇਹੰ ਨ ਗੇਹੰ' ਵਾਲੇ 'ਅਕਾਲ ਉਸਤਤਿ' ਦੇ ਇਸ ਭੁਜੰਗ ਪ੍ਰਯਾਤ ਛੰਦ ਵਿਚੋਂ ਖ਼ੁਦ ਆਪਣੇ ਦਿਤੇ ਪ੍ਰਮਾਣਾਂ ਦੀ ਸਚਾਈ ਭਰੇ ਸਿਫ਼ਤਾਂ ਵਾਲੇ ਰੱਬ ਨੂੰ ਮੰਨਦੇ ਹੋ ਤਾਂ ਕੀ ਤੁਸੀਂ ਏਸ ਪ੍ਰਮਾਣ ਅੰਦਰ ਦਿਤੀਆਂ ਦੋਹਾਂ ਪਉੜੀਆਂ ਦੇ ਅੰਤਲੇ ਪਦ ਪੰਗਤੀ ਭਾਵਾਂ ਦੀ ਸਚਾਈ ਨੂੰ ਮਨ ਬਚ ਕਰਮ ਕਰਕੇ ਕਬੂਲ ਕਰਦੇ ਹੋ ? ਅਰਥਾਤ—'ਨਮੋ ਏਕ ਤੰਤ੍ਰੇ ਨਮੋ ਏਕ ਤੰਤ੍ਰੇ' ਅਤੇ 'ਨਮੋ ਆਦਿ ਰੂਪੇ ਨਮੋ ਆਦਿ ਰੂਪੇ' ਉਤੇ ਸੱਚਾ ਈਮਾਨ ਲਿਆਉਂਦੇ ਹੋ ? ਕਿ ਕਥਨੀ ਮਾਤਰ ਹੀ ਪ੍ਰਮਾਣ ਦੇ ਛਡਦੇ ਹੋ ? ਜੇ ਤੁਸਾਡਾ ਸੱਚਾ ਈਮਾਨ ਏਨ੍ਹਾਂ ਦੋਹਾਂ ਤੁਕਾਂ ਦੀ ਸਚਾਈ ਉਤੇ ਹੈ ਤਾਂ ਤੁਸਾਂ ਨੂੰ ਇਕ ਅਨੰਦ ਸਰੂਪ, ਇਕੋ ਕਾਰਣ ਰੂਪ ਅਕਾਲ ਪੁਰਖ ਨੂੰ ਨਮਸਕਾਰ ਕਰਨੋਂ ਕਦੇ ਭੀ ਮੁਨਕਰ ਨਹੀਂ ਹੋਣਾ ਪਵੇਗਾ (ਅਤੇ ਨ ਹੀ ਮੁਨਕਰ ਹੋਣਾ ਚਾਹੀਦਾ ਹੈ) ਅਤੇ ਡਾਰਵਨ ਦੀ ਐਵੋਲਿਊਸ਼ਨ ਥਿਊਰੀ ਨੂੰ ਤਿਲਾਂਜਲੀ ਦੇਣੀ ਪਵੇਗੀ, ਕਿਉਂਕਿ 'ਨਮੋ ਆਦਿ ਰੂਪੇ ਨਮੋ ਆਦਿ ਰੂਪੇ' ਦੀ ਪੰਗਤੀ ਵਿਚ ਤਾਂ ਸਭਨਾਂ ਦੇ ਮੁੱਢ ਰੂਪਾਂ ਦੇ ਮੁੱਢ ਰੂਪ ਅਕਾਲ ਪੁਰਖ ਨੂੰ ਹੀ ਨਮਸਕਾਰ ਹੈ। ਕੀ ਤੁਸੀਂ ਨਮਸਕਾਰ ਕਰੋਗੇ ਯਾ ਨਮਸਕਾਰ ਕਰਨਾ ਮੰਨੋਗੇ ? ਜੇ ਤੁਸੀਂ ਸੱਚ ਮੁੱਚ ਮਨ ਬਚ ਕਰਮ ਕਰਕੇ ਅਕਾਲ ਪੁਰਖ ਨੂੰ ਨਮਸਕਾਰ ਕਰਨਾ ਮੰਨੋਗੇ ਅਤੇ ਮੰਨ ਕੇ ਅਮਲ ਵਿਚ ਲਿਆਓਗੇ ਤਾਂ ਅਸੀਂ ਤੁਸਾਂ ਨੂੰ ਪੱਕਾ ਆਸਤਕ ਜਾਣਾਂਗੇ ਅਤੇ ਕੋਈ ਪੁਰਸ਼ ਭੀ ਤੁਸਾਂ ਨੂੰ ਕਦੇ ਨਾਸਤਕ ਨਹੀਂ ਆਖੇਗਾ।

(ਨੰ: ੨)

ਪਿਆਰੇ ਪ੍ਰੀਤ ਲੜੀਏ ਵੀਰ ਜੀਓ ! ਤੁਸੀਂ 'ਅਕਾਲ ਉਸਤਤਿ' ਦੇ ਛੰਦਾਂ ਵਿਚੋਂ ਨਫ਼ੀ ਸਿਫ਼ਤਾਂ ਵਾਲੇ ਰੱਬ ਨੂੰ ਅਨੁਮਾਨ ਕੇ ਖ਼ੁਸ਼ ਹੁੰਦੇ ਹੋ; ਤੁਹਾਡੇ ਅਨੁਮਾਨ ਅੰਦਰ ਨਫ਼ੀ ਸਿਫ਼ਤਾਂ ਵਾਲਾ ਰੱਬ ਨੇਮਤ ਰੂਪ ਹੀ ਹੈ, ਉਸ ਦਾ ਮੰਨਣਾ ਤੁਹਾਡੇ ਨਜ਼ਦੀਕ ਇਕਸਾਰ ਹੀ ਹੈ। 'ਨ ਨੇਹੰ ਨ ਗੇਹੰ' ਦੇ ਭਾਵ ਦੀਆਂ ਸਿਫ਼ਤਾਂ ਸੁਣ ਕੇ ਤੁਸੀਂ ਰਾਜ਼ੀ ਹੁੰਦੇ ਹੋ, ਕਿਉਂਕਿ ਇਹ ਭਾਵ ਤੁਹਾਡੇ ਖ਼ਿਆਲ ਵਿਚ ਤੁਸਾਡੀ ਆਸਤਕਤਾ ਤੋਂ ਮੁਨਕਰ ਸਪਿਰਟ ਦੇ ਨੇੜੇ ਢੁਕ ਜਾਂਦੇ ਹਨ, ਜਿਥੋਂ ਤੁਸੀਂ 'ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ ' (੯੧) ਅਤੇ 'ਨ ਦੇਹ ਹੈ ਨ ਗੇਹ ਹੈ ਨ ਜਾਤਿ ਹੈ ਨ ਪਾਤਿ ਹੈ' (੧੬੭) ਦੇ ਭਾਵ ਵਾਲੀਆਂ ਪੰਗਤੀਆਂ ਸ੍ਰੀ 'ਅਕਾਲ ਉਸਤਤਿ' ਬਾਣੀ ਵਿਚੋਂ ਦੇਖਦੇ ਹੋ ਤਾਂ ਤੁਸੀਂ ਬੜੇ ਪ੍ਰਸੰਨ ਹੁੰਦੇ ਹੋ, ਪ੍ਰੰਤੂ ਜਦੋਂ


bsrstrust.org

ਏਸੇ ਬਾਣੀ ਦੇ ਛੰਦਾਂ ਵਿਚੋਂ ਤੁਸੀਂ:

ਅਬਯਕਤ ਤੇਜ ਅਨਭਉ ਪ੍ਰਕਾਸ ॥
ਅੱਛੈ ਸਰੂਪ ਅਦ੍ਵੈ ਅਨਾਸ ॥
ਅਨਤੁੱਟ ਤੇਜ ਅਨਖੁੱਟ ਭੰਡਾਰ ॥
ਦਾਤਾ ਦੁਰੰਤ ਸਰਬੰ ਪ੍ਰਕਾਰ ॥੧॥੧੨੧॥

ਅਤੇ— ਅਨਭੂਤ ਤੇਜ ਅਨਛਿੱਜ ਗਾਤ ॥
ਕਰਤਾ ਸਦੀਵ ਹਰਤਾ ਸਨਾਤ ॥
ਆਸਨ ਅਡੋਲ ਅਨਭੂਤ ਕਰਮ ॥
ਦਾਤਾ ਦਇਆਲ ਅਨਭੂਤ ਧਰਮ ॥੨॥੧੨੨॥

ਵਾਲੀਆਂ ਸਿਫ਼ਤਾਂ ਰੱਬ ਦੀਆਂ ਪੜ੍ਹਦੇ ਹੋ ਤਾਂ ਤੁਸੀਂ ਜਾਣ ਬੁਝ ਕੇ ਨਜ਼ਰ-ਅੰਦਾਜ਼ ਕਰ ਜਾਂਦੇ ਹੋ, ਕਿਉਂਕਿ ਇਨ੍ਹਾਂ ਪੰਗਤੀਆਂ ਦੇ ਅਰਥਾਂ ਤੋਂ ਅਮਿੱਤ ਅਤੇ ਅਸਚਰਜ ਤੇਜਵਾਨ ਰੱਬ, ਅਨਭਉ ਪ੍ਰਕਾਸ਼ ਵਾਲਾ ਰੱਬ, ਕਦੇ ਨਾ ਨਾਸ਼ ਹੋਣ ਵਾਲਾ ਰੱਬ ਤੇ ਅਤੀ ਸੁੰਦਰ ਲਾਸਾਨੀ ਸਰੂਪ ਵਾਲਾ ਰੱਬ, ਅਨਤੁੱਟ ਤੇਜ ਤੇ ਅਖੁੱਟ ਭੰਡਾਰ ਵਾਲਾ ਰੱਬ ਅਤੇ ਸਰਬ ਪ੍ਰਕਾਰ ਦੀਆਂ ਬੇਅੰਤ ਦਾਤਾਂ ਦੇਣ ਵਾਲਾ ਦਾਤਾਰ ਰੱਬ, ਅਤੇ ਅਖੁੱਟ ਭੰਡਾਰ ਵਾਲਾ ਰੱਬ, ਕਦੇ ਨਾ ਛਿੱਜਣ (ਨਾਸ਼ ਹੋਣ) ਵਾਲੇ ਸਰੀਰ ਵਾਲਾ ਰੱਬ, ਸਦਾ ਹੀ ਸਭ ਦਾ ਕਰਤਾ ਹਰਤਾ ਰੱਬ, ਅਡੋਲ ਨਿਹਚਲ ਆਸਣ ਵਾਲਾ ਅਤੇ ਸਬਰ ਦਾ ਫਲ ਪਰਦਾਤਾ ਹੋ ਕੇ ਅਸਚਰਜ ਕਰਮਕਾਰੀ ਸਰਬ ਕਲਾਧਾਰੀ ਹੋ ਕੇ ਸਭ ਨੂੰ ਸੰਭਾਲਣਹਾਰਾ ਰੱਬ, ਅਗਮ ਦਇਆਲਤਾ ਵਾਲਾ ਦਾਤ੍ਰਾਰ ਰੱਬ ਅਤੇ ਅਨੂਪਮ ਉਦਾਰਤਾ ਵਾਲਾ ਰੱਬ ਸਿੱਧ ਹੋ ਜਾਂਦਾ ਹੈ। ਇਸ ਪ੍ਰਕਾਰ ਦਾ ਸਿੱਧ ਹੋਇਆ ਰੱਬ ਆਪ ਦੇ ਮੁਆਫ਼ਕ ਨਹੀਂ ਆਉਂਦਾ।

ਦੇਖੋ, ਫੇਰ ਅਸਾਡੇ ਇਸ ਪ੍ਰੀਤ ਲੜੀਏ ਭਰਾ ਨੂੰ, ਜੋ ਸਿੱਖ ਹੋਣ ਦਾ ਦਾਅਵਾ ਭੀ ਰੱਖਦੇ ਹਨ, ਸ੍ਰੀ 'ਅਕਾਲ ਉਸਤਤਿ' ਦੀ ਬਾਣੀ ਵਿਚ ਦਸਿਆ ਇਨ੍ਹਾਂ ਸਿਫ਼ਤਾਂ ਵਾਲਾ ਰੱਬ ਭੀ ਮਾਫ਼ਕ ਨਹੀਂ ਆਉਂਦਾ। ਯਥਾ:

ਜਯ ਜੰਪਹੁ ਜੁੱਗਣ ਜੂਹ ਜੂਅੰ ॥
ਭੈ ਕੰਪਹੁ ਮੇਰੁ ਪਯਾਲ ਭੂਅੰ ॥
ਤਪ ਤਾਪਸ ਸਰਬ ਜਲੇਰੁ ਥਲੰ ॥
ਧਨ ਉਚਰਤ ਇੰਦ੍ਰ ਕੁਮੇਰ ਬਲੰ ॥੧॥੧੪੧॥
ਅਨਖੇਦ ਸਰੂਪ ਅਭੇਦ ਅਭਿਅੰ ॥

bsrstrust.org

ਅਨਖੰਡ ਅਭੂਤ ਅਛੇਦ ਅਛਿਅੰ ॥
ਅਨਕਾਲ ਅਪਾਲ ਦਇਆਲ ਅਸੁਅੰ ॥
ਜਿਹ ਠਟੀਅੰ ਮੇਰ ਆਕਾਸ ਭੁਅੰ ॥੨॥੧੪੨॥
ਅਨਖੰਡ ਅਮੰਡ ਪ੍ਰਚੰਡ ਨਰੰ ॥
ਜਿਹ ਰਚੀਅੰ ਦੇਵ ਅਦੇਵ ਬਰੰ ॥
ਸਭ ਕੀਨ ਸੁ ਦੀਨ ਜਮੀਨ ਜਮਾਂ ॥
ਜਿਹ ਰਚੀਅੰ ਸਰਬ ਮਕੀਨ ਮਕਾਂ ॥੩॥੧੪੩॥

ਕਿਉਂਕਿ ਇਨ੍ਹਾਂ ਪੰਗਤੀਆਂ ਦੇ ਭਾਵ ਤੋਂ ਪ੍ਰੀਤ ਲੜੀਏ ਸੱਜਣ ਦੀ ਨਾਸਤਕਤਾ ਵਾਲੀ ਥਿਊਰੀ ਤੋਂ ਉਲਟ ਰੱਬ ਪੂਰਨ ਆਸਤਕਤਾ ਭਰੀਆਂ ਇਨ੍ਹਾਂ ਸਿਫ਼ਤਾਂ ਦਾ ਮਾਲਕ ਸਿੱਧ ਹੈ :

(੧) ਜਿਸ ਨੂੰ ਕਿ ਸਾਰੇ ਹੀ ਜੁੜ ਕੇ ਜੁਗਾਂ ਪ੍ਰਯੰਤ ਜੈ ਜੈ ਕਰ ਕੇ ਜਪਣ ਤਾਂ ਭੀ ਉਸ ਦੀ ਮਹਿਮਾ ਅਪਾਰ ਹੀ ਰਹਿੰਦੀ ਹੈ।

(੨) ਜਿਸ ਦੇ ਭੈ, ਦਬਦਬੇ, ਰੁਅਬ ਵਾਲੀ ਸੰਭਾਲ-ਸ਼ਕਤੀ ਦੇ ਸਾਹਮਣੇ ਅਕਾਸ਼, ਪਾਤਾਲ, ਪਰਬਤ, ਮੇਦਨੀ, ਸਭ ਕੰਪਾਇਮਾਨ ਹਨ।

(੩) ਜਿਸ ਦੀ ਸਾਰੇ ਜਲਾਂ ਥਲਾਂ ਵਿਖੇ ਅਕੱਥ ਤਪੱਸਿਆ ਹੋਵੇ ਤਾਂ ਭੀ ਥੋੜ੍ਹੀ ਹੈ।

(੪) ਜਿਸ ਨੂੰ ਕਿ ਇੰਦਰ ਕੁਬੇਰ ਜੈਸੇ ਜੋਧੇ ਦੇਵਤਾ ਅਤੇ ਬਲ ਰਾਜਾ ਜੈਸੇ ਬਲੀ ਧੰਨ ਧੰਨ ਉਚਾਰਦੇ ਹਨ।

(੫) ਜੋ ਖੇਦ ਤੋਂ ਰਹਿਤ, ਭੇਦ ਤੋਂ ਰਹਿਤ ਅਤੇ ਭੈ ਤੋਂ ਰਹਿਤ ਅਭੈ ਸਰੂਪ ਵਾਲਾ ਹੈ।

(੬) ਜੋ ਕਿਸੇ ਤੋਂ ਖੰਡਨ ਕੀਤਿਆਂ ਖੰਡਿਆ ਨਹੀਂ ਜਾਂਦਾ, ਜੋ ਪੰਚ ਤੱਤ ਦੀ ਰਚਨਾ ਤੋਂ ਅਤੱਤ ਤੱਤ ਜੋਤਿ-ਮੂਰਤੀ ਦਿੱਬ ਸਰੂਪ ਵਾਲਾ ਹੈ, ਜੋ ਕਿਸੇ ਦੇ ਛੇਦਨ ਕੀਤਿਆਂ ਛੇਦਿਆ ਨਹੀਂ ਜਾਂਦਾ, ਜੋ ਸੂਖਮ ਤੋਂ ਸੂਖਮ ਤੱਤ ਜੋਤਿ ਲਤੀਫ਼ ਪ੍ਰਕ੍ਰਿਤੀ ਵਾਲਾ ਹੈ।

(੭) ਜੋ ਕਾਲ ਤੋਂ ਅਕਾਲ ਅਤੇ ਪਾਲਨਾ ਤੋਂ ਰਹਿਤ ਅਪਾਲ ਅਤੇ ਸੁਤੇ ਪ੍ਰਕਾਸ਼ ਦਇਆਲਤਾ ਪੂਰਤੀ ਸ੍ਰਿਸ਼ਤ ਯੁਕਤ ਦਇਆਲੂ ਹੈ।

(੮) ਜਿਸਨੇ ਅਕਾਸ਼, ਸੁਮੇਰ ਅਤੇ ਪ੍ਰਿਥਵੀ ਨੂੰ ਕਾਇਮ ਕੀਤਾ ਹੋਇਆ ਹੈ।

(੯) ਜੋ ਨਾ ਖੰਡਨ ਹੋਣ ਵਾਲਾ (ਨਾ ਖੰਡੇ ਜਾਣ ਵਾਲਾ), ਨਾ ਮੰਡੇ ਜਾਣ


bsrstrust.org

ਵਾਲਾ, ਖੰਡਨ ਮੰਡਨ ਤੋਂ ਰਹਿਤ (ਖੰਡੇ ਮੰਡੇ ਜਾਣ ਤੋਂ ਰਹਿਤ) ਅਤਿਅੰਤ ਤੇਜ ਪ੍ਰਚੰਡ ਸਰੂਪ ਵਾਲਾ ਪੂਰਨ ਪੁਰਖ ਹੈ।

(੧੦) ਜਿਸ ਨੇ ਦੇਵ ਅਦੇਵ ਸਭ ਦੀ ਰਚਨਾ ਰਚੀ ਹੈ।

(੧੧) ਜਿਸ ਨੇ ਜ਼ਮੀਨ ਤੇ ਅਕਾਸ਼ ਨੂੰ ਰਚ ਕੇ ਆਪਣੇ ਹੀ ਅਧੀਨ ਰਖਿਆ ਹੈ।

(੧੨) ਜਿਸ ਨੇ ਇਸ ਸਾਰੀ ਕਾਇਨਾਤ ਨੂੰ ਰਚਿਆ ਹੈ ਅਤੇ ਇਸ ਕਾਇਨਾਤ ਰੂਪੀ ਮਸਕਨ (ਜਗਤ-ਘਰ) ਵਿਚ ਨਿਵਾਸ ਰੱਖਣ ਵਾਲੇ ਜੀਅ ਜੰਤ ਭੀ ਜਿਸ ਨੇ ਰਚੇ ਹਨ।

ਭਲਾ ਐਵੋਲਿਊਸ਼ਨ ਦੀ ਨਾਸਤਕਤਾ ਭਰੀ ਡਾਰਵਨ ਥਿਊਰੀ ਨੂੰ ਮੰਨਣਹਾਰਾ ਪ੍ਰੀਤ ਲੜੀਆ ਸੱਜਣ, ਉਪਰ ਦੱਸੀ ਪ੍ਰਭਾ ਵਾਲੇ ਪ੍ਰਭੂ ਅਕਾਲ ਪੁਰਖ ਦੀ ਹਸਤੀ ਨੂੰ ਕਦੋਂ ਮੰਨ ਸਕਦਾ ਹੈ ? ਉਸ ਦੀ ਮਨ-ਮੰਨੀ ਥਿਊਰੀ ਅਨੁਸਾਰ ਤਾਂ ਇਹ ਸਭ ਰਚਨਾ ਆਪੋਂ ਹੀ (ਅਜ਼ ਖ਼ੁਦ ਹੀ) ਬਣੀ ਹੋਈ ਹੈ, ਕਿਸੇ ਦੀ ਰਚਾਈ ਨਹੀਂ ਰਚੀ ਗਈ। ਸੋ ਸ੍ਰੀ 'ਅਕਾਲ ਉਸਤਤਿ' ਦੀ ਆਸਤਕਤਾ ਨਿਰੂਪਨੀ ਬਾਣੀ ਇਸ ਸੱਜਣ ਨੂੰ ਕਦੋਂ ਮਾਫ਼ਕ ਆ ਸਕਦੀ ਹੈ, ਜਿਸ ਅਨੁਸਾਰ ਕੇਵਲ ਅਕਾਲ ਪੁਰਖ ਹੀ ਸਮੂਹ ਰਚਨਾ ਦਾ ਰਚਨਹਾਰ ਸਿੱਧ ਹੁੰਦਾ ਹੈ। ਦੇਖੋ ਫੇਰ ਅਗਲੇ ਛੰਦ, ਯਥਾ :

ਜਿਹ ਅੰਡਹਿ ਤੇ ਬ੍ਰਹਮੰਡ ਰਚਿਓ ॥
ਦਸ ਚਾਰ ਕਰੀ ਨਵਖੰਡ ਸਚਿਓ ॥
ਰਜ ਤਾਮਸ ਤੇਜ ਅਤੇਜ ਕੀਓ ॥
ਅਨਭਉ ਪਦ ਆਪ ਪ੍ਰਚੰਡ ਲੀਓ ॥੬॥੧੪੬॥
ਸ੍ਰਿਅ ਸਿੰਧਰ ਬਿੰਧ ਨਰਿੰਦ ਨਗੰ ॥
ਸ੍ਰਿਅ ਜੱਛ ਗੰਧਰਬ ਫਣਿੰਦ ਭੁਜੰ ॥
ਰਚ ਦੇਵ ਅਦੇਵ ਅਭੇਵ ਨਰੰ ॥
ਨਰਪਾਲ ਨ੍ਰਿਪਾਲ ਕਰਾਲ ਤ੍ਰਿਗੰ ॥੭॥੧੪੭॥
ਕਈ ਕੀਟ ਪਤੰਗ ਭੁਜੰਗ ਨਰੰ ॥
ਰਚਿ ਅੰਡਜ ਸੇਤਜ ਉਤਭੁਜੰ ॥.....੧੪੮॥
ਨਰ ਨਾਰਿ ਨਿਪੁੰਸਕ ਜਾਹਿ ਕੀਏ ॥
ਗਣ ਕਿੰਨਰ ਜੱਛ ਭੁਜੰਗ ਦੀਏ ॥
ਗਜ ਬਾਜ ਰਥਾਦਿਕ ਪਾਂਤ ਗਣੰ ॥
ਭਵ ਭੂਤ ਭਵਿਖ ਭਵਾਨ ਤੁਅੰ ॥੧੦॥੧੫੦॥

bsrstrust.org

ਜਿਹ ਅੰਡਜ ਸੇਤਜ ਜੇਰ ਰਜੰ ॥
ਰਚਿ ਭੂਮ ਅਕਾਸ ਪਤਾਲ ਜਲੰ ॥
ਰਚਿ ਪਾਵਕ ਪਉਨ ਪ੍ਰਚੰਡ ਬਲੀ ॥
ਬਨ ਜਾਸੁ ਕੀਓ ਫਲ ਫੂਲ ਕਲੀ ॥੧੧॥੧੫੧॥
ਭੁਅ ਮੇਰ ਅਕਾਸ ਨਿਵਾਸ ਛਿਤੰ ॥
ਰਚਿ ਰੋਜ ਇਕਾਦਸ ਚੰਦ੍ਰ ਬ੍ਰਿਤੰ ॥
ਦੁਤ ਚੰਦ ਦਿਨੀਸਹਿ ਦੀਪ ਦਈ ॥
ਜਿਹ ਪਾਵਕ ਪਉਨ ਪ੍ਰਚੰਡ ਮਈ ॥੧੨॥੧੫੨॥
ਜਿਹ ਖੰਡ ਅਖੰਡ ਪ੍ਰਚੰਡ ਕੀਏ ॥
ਜਿਹ ਛਤ੍ਰ ਉਪਾਇ ਛਿਪਾਇ ਦੀਏ ॥
ਜਿਹ ਲੋਕ ਚਤੁਰ ਦਸ ਚਾਰ ਰਚੇ ॥
ਨਰ ਗੰਧਰਬ ਦੇਵ ਅਦੇਵ ਸਚੇ ॥੧੩॥੧੫੩॥.....
ਗਣ ਕਿੰਨਰ ਜੱਛ ਭੁਜੰਗ ਰਚੇ ॥
ਮਣਿ ਮਾਣਕ ਮੋਤੀ ਲਾਲ ਸਚੇ ॥
ਅਨਭੰਜ ਪ੍ਰਭਾ ਅਨਗੰਜ ਬ੍ਰਿਤੰ ॥
ਜਿਹ ਪਾਰ ਨ ਪਾਵਤ ਪੂਰ ਮਤੰ ॥੧੬॥੧੫੬॥

ਭਾਵ—ਇਹ ਅਕਾਲ ਪੁਰਖ ਹੀ ਹੈ ਜਿਸ ਨੇ ਕਿ ਤਨਕ ਮਾਤਰ ਅਦ੍ਰਿਸ਼ਟ ਅੰਡੇ ਦੇ ਸਾਰੇ ਬ੍ਰਹਿਮੰਡ ਨੂੰ ਰੱਚ ਦਿੱਤਾ ਹੈ ਅਤੇ ਚੌਦ੍ਹਾਂ ਲੋਕ ਬਣਾ ਕੇ ਨੌਂ ਖੰਡ ਸਾਜੇ ਹਨ। ਰਜੋ, ਤਮੋ, ਸਤੋ ਗੁਣ ਅਤੇ ਚਾਨਣੇ ਤੇ ਹਨੇਰੇ ਦੀ ਸਾਜਨਾ ਕੀਤੀ ਹੈ। ਜਿਸ ਨੇ ਆਪਣੇ ਆਪ ਹੀ ਆਪਣਾ ਅਤਿ ਵੱਡਾ ਪ੍ਰਕਾਸ਼ ਸਰੂਪ ਬਣਾ ਲਿਆ ਹੈ। ਜਿਸ ਨੇ ਸਮੁੰਦਰ, ਪਹਾੜ, ਸੁਮੇਰ ਆਦਿਕ ਅਨੇਕ ਸ੍ਰਿਸ਼ਟੀ ਨੂੰ ਸਿਰਜਿਆ ਹੈ। ਜਿਸ ਨੇ ਜੱਛ, ਗੰਧਰਬ, ਸ਼ੇਸ਼ਨਾਗ ਅਤੇ ਅਨੇਕ ਪ੍ਰਕਾਰ ਦੇ ਸੱਪਾਂ ਨੂੰ ਸਿਰਜਿਆ ਹੈ। ਜਿਸ ਨੇ ਦੇਵ, ਦੈਂਤ, ਨਾਨਾ ਪ੍ਰਕਾਰ ਦੇ ਬੇਗਿਣਤ ਪ੍ਰਗਟ ਨਰ ਮਨੁੱਖਾਂ ਨੂੰ ਰਚਿਆ ਹੈ। ਜੋ ਸਾਰੇ ਨਰ ਨਾਰੀਆਂ ਨੂੰ ਪਾਲਣਹਾਰਾ ਹੈ। ਨ੍ਰਿਪਾਂ (ਰਾਜਿਆਂ) ਨੂੰ ਪਾਲਣਹਾਰਾ ਹੈ ਅਤੇ ਤ੍ਰਿਗਦ ਜੋਨ ਦੇ ਭਿਆਨਕ ਜੀਵਾਂ ਨੂੰ ਪਾਲਣਹਾਰਾ ਹੈ। ਕੀਟਾਂ ਪਤੰਗਾਂ ਤੇ ਭੁਜੰਗ ਨਰਾਂ ਦੀਆਂ ਕਈ ਜੋਨੀਆਂ ਨੂੰ ਅਤੇ ਅੰਡਜ, ਜੇਰਜ, ਸੇਤਜ ਤੇ ਉਤਭੁਜ ਆਦਿ ਖਾਣੀਆਂ ਨੂੰ ਰਚਿਆ ਹੈ। ਜਿਸ ਨੇ ਪੁਰਸ਼, ਇਸਤ੍ਰੀਆਂ ਤੇ ਹੀਜੜੇ ਬਣਾਏ ਹਨ। ਜਿਸ ਨੇ ਸਾਰੇ ਕਿੰਨਰ ਜੱਛ ਭੁਜੰਗਾਂ ਨੂੰ ਬਣਾਇਆ ਹੈ। ਹਾਥੀ ਘੋੜੇ ਰੱਥ ਆਦਿਕਾਂ


bsrstrust.org

ਦੇ ਅਨੇਕ ਪ੍ਰਕਾਰ ਜਿਸ ਨੇ ਬਣਾਏ ਹਨ। ਭੂਤ, ਭਵਿਖ, ਭਵਾਨ ਤਿੰਨਾਂ ਕਾਲਾਂ ਨੂੰ ਭੀ ਤੈਥੋਂ ਹੀ, ਹੇ ਅਕਾਲ ਪੁਰਖ, ਉਤਪਤੀ ਹੋਈ ਹੈ। ਜਿਸ ਨੇ ਅੰਡਜ, ਜੇਰਜ ਆਦਿ ਚਹੁੰਆਂ ਖਾਣੀਆਂ ਦੇ ਜੀਵਾਂ ਨੂੰ ਰਚਿਆ ਹੈ ਅਤੇ ਰਚ ਕੇ ਰਜਾਇਆ (ਪਾਲਿਆ ਪੋਸਿਆ) ਹੈ। ਧਰਤੀ, ਅਕਾਸ਼, ਪਤਾਲ ਤੇ ਜਲ ਨੂੰ ਰਚਿਆ ਹੈ, ਵੱਡੇ ਤੇਜ ਵਾਲੀ ਅਗਨੀ ਅਤੇ ਬਲ ਵਾਲੀ ਪੌਣ ਨੂੰ ਰਚਿਆ ਹੈ। ਜਿਸ ਨੇ ਬਨਾਸਪਤੀ, ਫਲ ਫੂਲ ਤੇ ਕਲੀਆਂ ਨੂੰ ਬਣਾਇਆ। ਜਿਸ ਨੇ ਭੂ-ਮੰਡਲ ਧਰਤੀ, ਪਰਬਤਾਂ ਵਾਲੇ ਭੂ-ਮੰਡਲਾਂ ਅਤੇ ਤਾਰਾ-ਗਣ ਬ੍ਰਹਿਮੰਡ ਨੂੰ ਅਕਾਸ਼ ਵਿਖੇ ਨਿਵਾਸ ਦਿਤਾ ਹੈ। ਜਿਸ ਨੇ ਇਕਾਦਸ਼ੀਆਂ ਆਦਿਕ ਦਿਵਸ ਚੰਦਰਮਾ ਦੇ ਗੇੜ ਨਾਲ ਰਚੇ। ਜਿਸ ਨੇ ਚੰਦਰਮਾ ਨੂੰ ਪ੍ਰਕਾਸ਼ ਸੋਭਾ ਅਤੇ ਸੂਰਜ ਨੂੰ ਜੋਤਿ ਰੌਸ਼ਨੀ ਦਿਤੀ ਹੈ। ਜਿਸ ਨੇ ਵੱਡੇ ਵੇਗ ਤੇ ਤੇਜ ਵਾਲੀ ਪਉਣ ਤੇ ਅਗਨੀ ਰਚੀ ਹੈ। ਜਿਸ ਨੇ ਅਕਾਸ਼ ਵਿਚ ਕਈ ਸੂਰਜ ਰੱਚ ਦਿਤੇ ਹਨ ਅਤੇ ਤਾਰਿਆਂ ਨੂੰ ਉਪਾਇ (ਰਾਤੀਂ ਚਮਕਾ ਕੇ) ਦਿਨੇ ਸੂਰਜ ਦੇ ਤੇਜ ਵਿਚ ਛਪਾਇ ਦਿਤਾ ਹੈ। ਜਿਸ ਨੇ ਸੁੰਦਰ ਚੌਦ੍ਹਾਂ ਲੋਕ ਰਚੇ ਹਨ ਅਤੇ ਦੇਵਤੇ ਦੈਂਤ ਤੇ ਮਨੁੱਖ ਸਾਜੇ ਹਨ। ਗਣ, ਕਿੰਨਰ, ਜੱਛ ਤੇ ਭੁਜੰਗ ਰਚੇ ਹਨ। ਮਣੀਆਂ, ਮਾਣਕ, ਸੁਚੇ ਲਾਲ ਤੇ ਮੋਤੀ ਜਿਸ ਨੇ ਬਣਾਏ ਹਨ। ਜੋ ਅਤੁੱਟ ਸੋਭਾ ਵਾਲਾ ਤੇ ਅਖੰਡ ਬਿਰਤੀ ਵਾਲਾ ਹੈ। ਪੂਰੀਆਂ ਬੁੱਧੀਆਂ ਵਾਲੇ ਭੀ ਇਸ ਦਾ ਪਾਰ ਨਹੀਂ ਪਾ ਸਕਦੇ।

ਉਪਰਲੇ ਵਾਕਾਂ ਦੇ ਭਾਵ ਅਨੁਸਾਰ ਸਾਰੀ ਚਰਾਚਰ ਰਚਨਾ ਇਕ ਅਕਾਲ ਪੁਰਖ ਤੋਂ ਹੀ ਸਿੱਧ ਹੁੰਦੀ ਹੈ। ਡਾਰਵਨ ਦੀ ਥਿਊਰੀ ਮੰਨਣ ਵਾਲੇ, ਸ੍ਰੀ ਦਸਮੇਸ਼ ਜੀ ਦੇ ਉਪਰਲੇ ਮੁਖਵਾਕਾਂ ਦੀ ਕਦਰ ਪਛਾਣ ਨਹੀਂ ਕਰ ਸਕਦੇ। ਗੁਰੂ ਦਸਮੇਸ਼ ਜੀ ਦੇ ਸਿਖ, ਉਪਰ-ਦਿਤੇ ਗੁਰੂ ਦਸਮੇਸ਼ ਮੁਖਵਾਕਾਂ ਦੀ ਸਮੁੱਚੀ ਸਚਾਈ ਦੇ ਮਨ ਬਚ ਕਰਮ ਕਰਕੇ ਕਾਇਲ ਹਨ। ਪ੍ਰੀਤ ਲੜੀ ਦੇ ਲਿਖਾਰੀ ਸਿੱਖਾਂ ਦੀਆਂ ਅੱਖਾਂ ਚੋਭਣ ਲਈ ਆਪਣੇ ਮਤਲਬ ਵਾਸਤੇ ਸ੍ਰੀ ਦਸਮੇਸ਼ ਮੁਖਵਾਕ ਦੀ ਗ਼ਲਤ ਤਰਜਮਾਨੀ ਕਰ ਕੇ ਉਦਾਹਰਣ ਵਜੋਂ ਪੇਸ਼ ਕਰਦੇ ਹਨ ਅਤੇ ਕਹਿੰਦੇ ਹਨ ਕਿ "ਮੈਂ ਇਸ ਪ੍ਰਕਾਰ ਦੇ ਰੱਬ ਦਾ ਕਾਇਲ ਹਾਂ।" ਉਨ੍ਹਾਂ ਦੇ ਨਿਕਟ ਮਾਨੋ ਰੱਬ ਭੀ ਕਈ ਪ੍ਰਕਾਰ ਦੇ ਹਨ। ਆਪਣੀ ਮਨਸ਼ਾ ਦਾ ਮੰਨਿਆ ਪ੍ਰਮੰਨਿਆ ਰੱਬ ਹੀ ਉਨ੍ਹਾਂ ਨੂੰ ਮਨਜ਼ੂਰ ਹੈ; ਸ੍ਰੀ ਦਸਮੇਸ਼ ਦਰਸਾਇਆ ਰੱਬ ਮੰਨਣਾ ਉਨ੍ਹਾਂ ਨੂੰ ਮਨਜ਼ੂਰ ਨਹੀਂ।

bsrstrust.org

(ਨੰ: ੩)

ਪ੍ਰੀਤ ਲੜੀ ਦੇ ਲੇਖਕ ਨੂੰ ਸ੍ਰੀ ਦਸਮੇਸ਼ ਜੀ ਦੇ ਮੁਖ-ਵਾਕਾਂ ਦੀ ਵਿਚਾਰ ਕਰਨ ਵਿਚ ਮੁਗ਼ਾਲਤਾ ਲੱਗਾ ਹੈ। ਉਸ ਨੂੰ ਭਿੰਨ ਭਿੰਨ ਮੁਖਵਾਕਾਂ ਦੇ ਭਾਵਾਂ ਅੰਦਰ ਵਿਰੋਧ ਭਾਸਿਆ ਹੈ। ਪਰੰਤੂ ਵਿਰੋਧ ਮੁਖ ਵਾਕਾਂ ਦੇ ਭਾਵਾਂ ਵਿਚ ਨਹੀਂ, ਉਸ ਦੇ ਸਮਝਣ ਤੇ ਵਿਚਾਰ ਵਿਚ ਵਿਰੋਧ ਹੈ। ਜਿਥੇ ਅਕਾਲ ਪੁਰਖ ਦੀ ਹਸਤੀ ਪ੍ਰਥਾਇ—"ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ"[੧] ਦੇ ਭਾਵ ਵਾਲੇ ਸ੍ਰੀ ਮੁਖ ਵਾਕ ਅਤੇ "ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ" (੯੧) ਅਤੇ—"ਨ ਰਾਗ ਹੈ ਨ ਰੰਗ ਹੈ ਨ ਰੂਪ ਹੈ ਨ ਰੇਖ ਹੈ" (੧੭੦) ਰੂਪੀ ਸ੍ਰੀ 'ਅਕਾਲ ਉਸਤਤਿ' ਦੇ ਵਾਕ ਆਉਂਦੇ ਹਨ, ਓਥੇ ਰੂਪ, ਰੰਗ ਅਤੇ ਰੇਖ ਭੇਖ ਦਾ ਜੋ ਖੰਡਨ ਕੀਤਾ ਹੈ, ਉਸ ਦਾ ਇਹ ਭਾਵ ਹੈ ਕਿ ਅਕਾਲ ਪੁਰਖ ਦੇ ਤ੍ਰੈਗੁਣੀ ਗੁਣਾਂ ਵਾਲੇ ਮਨੁੱਖਾ ਦੇਹ ਸਾਰਖੇ ਰੂਪ, ਰੰਗ ਅਤੇ ਰੇਖ ਭੇਖ ਨਹੀਂ ਅਤੇ ਜਿਥੇ ਉਸ ਬਾਣੀ ਦੇ ਉਸੇ ਛੰਦ ਵਿਚ ਇਉਂ ਆਉਂਦਾ ਹੈ—"ਅਨੂਪ ਰੂਪ ਸਰੂਪ ਹੈ ਅਛਿਜ ਤੇਜ ਮਾਨੀਐ॥ ਸਦੀਵ ਸਿਧ ਸੁਧ ਦਾ ਪ੍ਰਤਾਪ ਪਤ੍ਰ ਮਾਨੀਐ॥" (੧੬੨) ਉਥੇ ਭਾਵ ਇਹ ਹੈ ਕਿ ਅਕਾਲ ਪੁਰਖ ਦਾ ਰੂਪ ਹੈ, ਪਰ ਜਿਸ ਰੂਪ ਦੀ ਉਪਮਾ ਨਹੀਂ ਹੋ ਸਕਦੀ, ਅਜਿਹੇ ਅਨੂਪ ਰੂਪ ਵਾਲਾ ਉਸ ਦਾ ਸਰੂਪ ਹੈ, ਤ੍ਰੈਗੁਣਾਂ ਤੋਂ ਉਚੇਰੇ ਤੁਰੀਆ ਗੁਣੀ ਗੁਣਾਂ ਵਾਲਾ ਉਸਦਾ ਅਰੂਪ ਰੂਪੀ ਸਰੂਪ ਹੈ ਅਤੇ ਚਾਹੇ ਉਸ ਦਾ ਤ੍ਰੈਗੁਣੀ ਪ੍ਰਕ੍ਰਿਤੀ ਵਾਲਾ ਰੰਗ ਰੇਖ ਨਹੀਂ, ਪਰ ਉਸ ਦਾ ਅਨਛਿੱਜ ਤੇਜ ਵਾਲਾ ਅਤੇ ਦਿੱਬ-ਲਤੀਫ਼ੀ ਤੁਰੀਆ-ਗੁਣੀ ਅਤਿ ਪ੍ਰਚੰਡੀ ਪ੍ਰਕਾਸ਼ ਦੇ ਤੇਜ ਵਾਲਾ ਦਿੱਬ ਜੋਤਿ ਰੰਗੀ ਰੰਗ ਰੇਖ ਹੈ। ਮਾਦੀ ਪ੍ਰਮਾਣੂਆਂ ਵਾਲੇ ਰੰਗ ਰੇਖ ਨੂੰ ਜੋਤ-ਜਾਨ ਦਿਹਿੰਦਾ ਤੇਜ-ਮਈ ਰੇਖ ਰੂਪ ਹੈ, ਜੋ ਏਹਨਾਂ ਪੰਜ-ਭੂਤਕੀ ਅੱਖੀਆਂ ਵਾਲੀ ਦ੍ਰਿਸ਼ਟੀ ਨੂੰ ਨਜ਼ਰ ਨਹੀਂ ਆਉਂਦਾ। ਜਿਥੇ ਕਿਥੇ ਸ੍ਰੀ ਦਸਮੇਸ਼ ਮੁਖਵਾਕਾਂ ਵਿਖੇ ਇਸ ਭਾਵ ਦੇ ਪਦ ਆਏ ਹਨ ਕਿ ਅਕਾਲ ਪੁਰਖ ਦੀ ਕੋਈ ਦੇਹ ਨਹੀਂ, ਕੋਈ ਮੂਰਤੀ ਨਹੀਂ, ਉਥੇ ਇਹ ਭਾਵ ਹੁੰਦਾ ਹੈ ਕਿ ਉਸ ਦੀ ਮਨੁੱਖੀ ਪ੍ਰਕ੍ਰਿਤੀ ਵਾਲੀ ਤ੍ਰੈਗੁਣੀ ਮਾਇਆਵੀ ਪ੍ਰਮਾਣੀਆ ਦੀ ਕੋਈ ਦੇਹ ਮੂਰਤੀ ਨਹੀਂ, ਪਰ ਜਿਥੇ ਸ੍ਰੀ ਦਸਮੇਸ਼ ਵਾਕਾਂ ਅੰਦਰ—"ਅਕਾਲ ਪੁਰਖ ਕੀ ਦੇਹ ਮਹਿ ਕੋਟਿਕ ਬਿਸਨ ਮਹੇਸ॥ ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ

---

੧. ਪਾ : ੧੦, ਜਾਪੁ ਸਾਹਿਬ, ਛੰਤ ੧


bsrstrust.org

ਸਸਿ ਕੋਟਿ ਜਲੇਸ॥"[1] ਅਤੇ "ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ॥"[2] "ਆਦਿ ਦੇਵ ਉਦਾਰ ਮੂਰਤਿ ਅਗਾਧ ਨਾਥ ਅਨੰਤ" (੧੮੨) ਆਦਿਕ ਪੰਗਤੀਆਂ ਆਉਂਦੀਆਂ ਹਨ, ਉਥੇ ਅਕਾਲ ਪੁਰਖ ਦੇ ਦੇਹ ਮੂਰਤੀ ਤ੍ਰੈਗੁਣਾਂ ਤੋਂ ਰਹਿਤ ਅੰਸ (elements) ਵਾਲੀ, ਤੁਰੀਆ ਗੁਣ ਅੰਸ ਵਾਲੀ ਦਿੱਬ ਦੇਹ ਮੂਰਤੀ ਦਾ ਭਾਵ ਹੈ। ਆਪ ਤੋਂ ਆਪ ਪ੍ਰਕਾਸ਼ ਕੀਤੀ ਆਪਣੀ ਸ੍ਵੈਕਾਲ ਦੁਆਰਾ ਪ੍ਰਕਾਸ਼ਤ ਕੀਤੀ ਅਤੇ ਅਚੱਲ ਅਤੇ ਅਮਿੱਤ-ਔਜ ਵਾਲੀ ਤੇਜ ਪ੍ਰਕਾਸ਼ ਮੂਰਤੀ ਸੰਪੰਨ ਦੇਹ ਹਸਤੀ ਤੋਂ ਭਾਵ ਹੈ।

ਅਤੇ ਜਿੱਥੇ ਸ੍ਰੀ ਦਸਮੇਸ਼ ਮੁਖ ਬਾਣੀ ਅੰਦਰ ਇਸ ਪ੍ਰਕਾਰ ਦੀਆਂ ਪਦ ਪੰਗਤੀਆਂ ਆਉਂਦੀਆਂ ਹਨ, 'ਨ ਧਰਮੰ ਨ ਭਰਮੰ' ਓਥੇ ਇਹ ਭਾਵ ਹੈ ਕਿ ਸੰਸਾਰਕ ਧਰਮ ਧਾਰਨਾ ਅਕਾਲ ਪੁਰਖ ਦਾ ਧਰਮ ਨਹੀਂ, ਪਰ ਉਸ ਤੋਂ ਇਹ ਭਾਵ ਨਹੀਂ ਕਿ ਅਕਾਲ ਪੁਰਖ ਹੈ ਹੀ ਬੇਧਰਮ, ਯਾ ਉਸ ਦਾ ਧਰਮ ਹੀ ਕੋਈ ਨਹੀਂ। ਭਰਮ ਰੂਪੀ ਮਿਥਿਆ ਧਰਮ ਉਸ ਦਾ ਹਰਗਿਜ਼ ਨਹੀਂ। ਸ੍ਰੀ ਦਸਮੇਸ਼ ਮੁਖਵਾਕ ਇਹ ਭੀ ਦੱਸਦੇ ਹਨ ਕਿ ਉਸਦਾ ਧਰਮ ਹੈ, ਸ੍ਰੀ ਮੁਖਵਾਕ—"ਆਦਿ ਨਾਥ ਅਗਾਧ ਪੁਰਖ ਸੁਧਰਮ ਕਰਮ ਪ੍ਰਬੀਨ (੧੮੧)" ਅਤੇ "ਜਨਮ ਜਾਤਾ ਕਰਮ ਗਿਆਤਾ ਧਰਮ ਚਾਰ ਬਿਚਾਰ (੧੯੮)"। ਭਾਵ, ਅਕਾਲ ਪੁਰਖ ਐਸਾ ਪੁਰਖ ਹੈ, ਜਿਸ ਦੀ ਹਸਤੀ ਆਦਿ ਅਨਾਦਿ ਤੋਂ ਹੀ ਅਸਥਿਰ ਹੈ ਅਤੇ ਜਿਸ ਪੁਰਖ ਦਾ ਪੁਰਖਤਵ ਆਮ ਅਲਪੱਗ ਇਨਸਾਨ ਦੀ ਬੁੱਧੀ ਤੋਂ ਅਗਾਧ ਬੋਧ ਹੈ ਅਤੇ ਅਗਮ ਅਗੋਚਰ ਹੈ ਅਤੇ ਉਹ ਅਗਮ ਅਗਾਧ ਅਗੋਚਰ ਹੈ ਅਤੇ ਉਹ ਅਗਮ ਅਗਾਧ ਆਦਿ ਨਾਥ ਅਕਾਲ ਪੁਰਖ ਸੁਧਰਮ, ਸ੍ਰੇਸ਼ਟ ਧਰਮ ਵਾਲਾ, ਸੁਧਰਮ ਕਰਮ ਪ੍ਰਬੀਨਤਾ ਵਾਲਾ, ਧਰਮੱਗ ਕਰਮੱਗ ਕਰਤਾਰ ਹੈ। ਫੇਰ ਉਹ ਕਰਤਾਰ ਕੈਸਾ ਹੈ—ਜਨਮ ਨੂੰ ਜਣਾਉਣ ਵਾਲਾ, ਸਾਰੀਆਂ ਜੋਨ-ਜੂਨੀਆਂ ਨੂੰ ਜਨਮ ਦੇਣ ਵਾਲਾ ਅਤੇ ਸਾਰਿਆਂ ਦੇ ਕਰਮਾਂ ਦਾ ਗਿਆਤਾ ਅਤੇ ਸ੍ਰੇਸ਼ਟ ਧਰਮ ਅਤੇ ਸ੍ਰੇਸ਼ਟ ਵੀਚਾਰ ਸੰਪੰਨ ਹੈ। ਵੀਚਾਰ-ਸੂਨ, ਧਰਮ ਹੀਨ, ਨਿਪੁੰਸਕ ਅਤੇ ਬੁਧੂ ਰੱਬ ਨਹੀਂ।

ਫਿਰ ਅਕਾਲ ਪੁਰਖ ਨੂੰ ਸ੍ਰੀ ਦਸਮੇਸ਼ ਮੁਖਵਾਕ 'ਅਕਾਲ ਉਸਤਤਿ' ਦੀ

---

੧. ਬ੍ਰਹਮਾ ਅਵਤਾਰ ਸ੍ਰੀ ਭਗਉਤੀ ਜੀ ਸਹਾਇਤਾ, ਛੰਦ ੧

੨. ਜਾਪੁ, ਛੰਤ ੧

bsrstrust.org

ਬਾਣੀ ਅੰਦਰ ਉਸੇ ਛੰਦ ਵਿਖੇ ਇਉਂ ਵਰਣਨ ਕੀਤਾ ਹੈ:

**ਕਹੂੰ ਕੰਜ ਕੇ ਮੰਜ ਕੇ ਭਰਮ ਭੂਲੇ॥**
**ਕਹੂੰ ਰੰਕ ਕੇ ਰਾਜ ਕੇ ਧਰਮ ਅਲੂਲੇ॥**
**ਕਹੂੰ ਦੇਸ ਕੇ ਭੇਸ ਕੇ ਧਰਮ ਧਾਮੇ॥**
**ਕਹੂੰ ਰਾਜ ਕੇ ਸਾਜ ਕੇ ਬਾਜ ਤਾਮੇ॥੧੬॥੧੦੬॥.....**
**ਕਹੂੰ ਧਰਮ ਕੇ ਕਰਮ ਕੇ ਹਰਮ ਜਾਨੇ॥**
**ਕਹੂੰ ਧਰਮ ਕੇ ਕਰਮ ਕੇ ਭਰਮ ਮਾਨੇ॥੧੮॥੧੦੮॥**

ਭਾਵ—ਹੇ ਅਕਾਲ ਪੁਰਖ! ਤੁਸੀਂ ਅਨਿਕ ਕਲਾ ਕ੍ਰਿਸ਼ਮਾਇਣ ਕਲਾ-ਧਾਰੀ ਹੋ ਕੇ ਇਸ ਬਿਧਿ ਸੰਸਾਰ ਵਿਖੇ ਵਰਤ ਰਹੇ ਹੋ—ਕਿਤੇ ਤਾਂ ਭਉਰਾ ਰੂਪ ਹੋ ਕੇ ਫੁੱਲਾਂ ਦੀ ਸੁਗੰਧੀ ਉਤੇ ਮਸਤ ਹੋ ਰਹੇ ਹੋ ਅਤੇ ਮਸਤ ਹੋ ਕੇ ਅਜਿਹਾ ਭਰਮ ਭੁਲਈਏ ਦਾ ਨਾਟ ਰਚਾਉਂਦੇ ਹੋ ਕਿ ਫੁੱਲਾਂ ਦੇ ਸੰਪਟ ਵਿਚ ਮੁਸ਼ਕ ਬਉਰਾਨੇ ਹੋ ਕੇ ਸਮਾ ਜਾਂਦੇ ਹੋ। ਕਿਤੇ ਫੁੱਲਾਂ ਵਿਚ ਸੁਗੰਧੀ ਹੋ ਕੇ ਮਹਿਕ ਰਹੇ ਹੋ ਅਤੇ ਆਪ ਹੀ ਕਲਾ-ਕਟਾਖਸ਼ੀ ਖੇਲ ਰਚ ਕੇ ਇਸ ਮਹਿਕ ਦੇ ਮਤਵਾਲੇ ਬਣ ਰਹੇ ਹੋ। ਕਿਤੇ ਰੰਕਾਂ ਅਤੇ ਰਾਜਿਆਂ ਦੇ ਅਨੋਖੇ ਧਰਮ ਬਣ ਰਹੇ ਹੋ। ਕਿਤੇ ਨਿਆਰੇ ਨਿਆਰੇ ਭੇਖਾਂ ਵਾਲੇ ਧਰਮ-ਮੰਦਰਾਂ ਵਿਚ ਬਿਰਾਜਮਾਨ ਹੋ, ਕਿਤੇ ਰਾਜ ਸਾਜ ਵਿਖੇ ਕਲਾ-ਧਾਰੀ ਹੋ ਕੇ ਵਰਤਮਾਨ ਹੋ, ਕਿਤੇ ਬਾਜ ਵਿਚ ਅਤੇ ਬਾਜ-ਤਾਮੇ ਵਿਚ ਸ਼ਿਕਾਰ ਸ਼ਿਕਾਰੀ ਦਾ ਕੇਲ ਕੋਲਾਇ ਰਹੇ ਹੋ। ਕਿਤੇ ਧਰਮੱਗ ਕਰਮ-ਯੋਗੀਆਂ ਗੁਰਮੁਖ ਗ੍ਰਿਹਸਤੀਆਂ ਦੇ ਪੂਜ ਮੰਦਰਾਂ ਵਿਚ ਪੂਜਕ ਹੋ ਕੇ ਭਗਤ ਪੂਜਾ ਕਰਾ ਰਹੇ ਹੋ ਅਤੇ ਕਿਤੇ ਕਰਮ-ਕਾਂਡੀਆਂ ਦੇ ਫੋਕਟ ਧਰਮ ਨੂੰ ਭਰਮ ਰੂਪ ਬਣਾ ਰਹੇ ਹੋ।

ਪ੍ਰੀਤ ਲੜੀਏ ਲਿਖਾਰੀ ਨੇ ਤਾਂ ਸਾਰੇ ਧਰਮ-ਮੰਦਰਾਂ ਦੀ ਨਿਖੇਧੀ ਉਤੇ ਦਬਾ ਧਰਿਆ ਹੈ ਅਤੇ 'ਨ ਨੇਹੰ ਨ ਗੇਹੰ' ਦੇ ਆਪਣੇ ਜਾਣੇ ਉਨ੍ਹਾਂ ਇਹ ਅਰਥ ਕਢੇ ਹਨ ਕਿ ਅਕਾਲ ਪੁਰਖ ਦਾ ਕੋਈ ਘਰ ਨਹੀਂ। ਇਨ੍ਹਾਂ ਦੇ ਖ਼ਿਆਲ ਵਿਚ ਸਾਰੇ ਧਰਮਾਂ ਵਾਲਿਆਂ ਨੇ ਰੱਬ ਨੂੰ ਧਰਮ-ਮੰਦਰਾਂ ਅੰਦਰ ਮਹਿਦੂਦ ਅਤੇ ਮੁਕਈਅਦ ਜਾਤਾ ਹੈ। ਹੇ ਅਜਾਨ ਜਨ! ਹਰੀ ਮੰਦਰ ਸਾਰਖੇ ਧਰਮ-ਅਸਥਾਨ ਸਤਿਗੁਰਾਂ ਨੇ ਏਸ ਲਈ ਨਹੀਂ ਬਣਾਏ ਕਿ ਇਹਨਾਂ ਵਿਚ ਹੀ ਰੱਬ ਰਹਿੰਦਾ ਬਹਿੰਦਾ ਮੰਨਿਆ ਜਾਏ ਅਤੇ ਰੱਬ ਦੀ ਸਰਬੱਗਤਾ ਨੂੰ ਮਹਿਦੂਦ ਕੀਤਾ ਜਾਵੇ, ਪਰੰਤੂ "ਹਰਿਮੰਦਰ ਸੋਈ ਆਖੀਐ ਜਿਥਹੁ ਹਰਿ ਜਾਤਾ"[1] ਦੇ ਗੁਰਵਾਕ

---

੧. ਰਾਮਕਲੀ ਕੀ ਵਾਰ ਮ: ੩, ਪਉੜੀ ੧੨, ਪੰਨਾ ੯੫੩



bsrstrust.org

ਅਨੁਸਾਰ ਹਰੀ ਮੰਦਰ ਸੋ ਸਤਸੰਗ-ਅਸਥਾਨ, ਸੋ ਭਜਨ-ਅਸਥਾਨ, ਸੋ ਅਖੰਡ-ਕੀਰਤਨ-ਅਸਥਾਨ ਹੈ, ਜਿਥੇ ਸਾਧ ਸੰਗਤ ਵਿਚ ਜੁੜ ਕੇ, ਬਹਿ ਕੇ ਹੀ ਅਕਾਲ ਪੁਰਖ ਦੀ ਪ੍ਰਾਪਤੀ ਪ੍ਰਾਇਣ ਲਿਵ-ਡੋਰੀ ਵਿਚ ਅਖੰਡਾਕਾਰ ਹੋਈਦਾ ਹੈ। ਜਿਥੇ ਹਰੀ ਦੇ ਹਰਿ-ਜਸ ਦੀ ਅਗਾਧ-ਕਲਾ ਵਰਤਦੀ ਹੈ। ਜਿਥੇਂ ਹਰੀ ਦਾ ਹਰਿ ਜਸ ਨਿਸ ਬਾਸਰ ਹੀ ਹੁੰਦਾ ਰਹਿੰਦਾ ਹੋਵੇ, ਸੋ ਹੈ ਹਰੀ ਮੰਦਰ ਰੂਪੀ ਧਰਮ-ਧਾਮ। ਜਿਥੇ ਮੰਦਰ ਰਚ ਕੇ ਹਰੀ ਦੀ ਭਗਤਿ ਜਸ ਪੂਜਾ ਨਹੀਂ ਹੁੰਦੀ ਅਤੇ ਆਨ ਦੇਵ ਸੇਵ ਪੂਜਾ ਹੁੰਦੀ ਹੈ, ਨਿਰੀ ਬੁੱਤ ਪੂਜਾ ਹੀ ਹੁੰਦੀ ਹੈ, ਉਹ ਹਰਿਮੰਦਰ ਨਹੀਂ ਅਤੇ ਜਿਨ੍ਹਾਂ ਗ੍ਰਿਹਿ-ਧਾਮਾਂ ਅੰਦਰਿ ਇਹ ਹਰੀ ਜਸ, ਹਰੀ ਭਜਨ ਰੂਪੀ ਹਰਿ ਪੂਜਾ ਨਹੀਂ ਹੁੰਦੀ, ਹਰੀ ਕੀਰਤਨ ਰੂਪੀ ਸੱਚਾ ਸਤਸੰਗ ਨਹੀਂ ਹੁੰਦਾ, ਉਹ ਸਾਰੇ ਗ੍ਰਿਹ, ਧਾਮ, ਮਹੱਲ, ਸਰਾਈਂ, ਸਭ ਅਪਵਿਤਰ ਅਤੇ ਮਰਘਟ ਸਾਰਖੇ ਹਨ, ਜਿਨ੍ਹਾਂ ਵਿਚ ਕਿ ਰਾਜ ਸਾਜ ਤ੍ਰਿਸ਼ਨਾਲੂ ਸ਼ਾਨ-ਸ਼ੌਕਤੀ ਅਜ਼ਾਦ ਖ਼ਿਆਲੀਆਂ ਅਤੇ ਖੁਲ੍ਹੀਆਂ ਪ੍ਰੀਤਾਂ ਦੇ ਚਸਕਾਲੂ ਵਸਦੇ ਹਨ।

ਪ੍ਰੀਤ ਲੜੀ ਦੇ ਲਿਖਾਰੀ ਨੂੰ ਸ੍ਰੀ ਅਕਾਲ ਉਸਤਤਿ ਦੇ ਹੋਰਨਾਂ ਅਨੇਕਾਂ ਛੰਦਾਂ ਦੇ ਵਿਚ ਪੂਰਨ ਸਚਾਈ ਭਰਿਆ ਇਨਸਾਫ਼ ਨਹੀਂ ਵਿਖਾਈ ਦਿੰਦਾ, ਕੇਵਲ 'ਨ ਨੇਹੰ ਨ ਗੇਹੰ' ਵਾਲੀ ਪਦ ਪਉੜੀ ਵਿਚ ਹੀ ਦੀਂਹਦਾ ਹੈ, ਪਰ ਗੁਰੂ ਸਾਹਿਬ ਹੇਠ ਲਿਖੇ ਛੰਦਾਂ ਵਿਚ ਉਸ ਦੇ ਇਨਸਾਫ਼ ਦੀ ਅਦੁੱਤੀ ਝਾਕੀ ਦਿਖਾਉਂਦੇ ਹਨ :

**ਕਰੁਣਾ ਨਿਧਾਨ ਕਾਮਲ ਕ੍ਰਿਪਾਲ ॥**<br>
**ਦੁਖ ਦੋਖ ਹਰਤ ਦਾਤਾ ਦਇਆਲ ॥**<br>
**ਅੰਜਨ ਬਿਹੀਨ ਅਨਭੰਜ ਨਾਥ ॥**<br>
**ਜਲ ਥਲ ਪ੍ਰਭਾਉ ਸਰਬਤ੍ਰ ਸਾਥ ॥੬॥੨੩੬॥**<br>
**ਜਿਹ ਜਾਤ ਪਾਤ ਨਹੀ ਭੇਦ ਭਰਮ ॥**<br>
**ਜਿਹ ਰੰਗ ਰੂਪ ਨਹੀ ਏਕ ਧਰਮ ॥**<br>
**ਜਿਹ ਸਤ੍ਰ ਮਿਤ੍ਰ ਦੋਊ ਏਕ ਸਾਰ ॥**<br>
**ਅੱਛੈ ਸਰੂਪ ਅਬਿਚਲ ਅਪਾਰ ॥੭॥੨੩੭॥**

ਸ੍ਰੀ ਗੁਰੂ ਦਸਮੇਸ਼ ਦਰਸਾਏ ਅਕਾਲ ਪੁਰਖ ਨੂੰ ਸ਼ਤਰ ਮਿਤਰ (ਦੋਸਤ ਦੁਸ਼ਮਣ) ਸਭ ਇਕ-ਸਾਰ ਹਨ। ਉਹ ਚਿਟ-ਚਮੜੀਏ ਪਛਮੀਆਂ ਦੇ ਰੂਪ ਰੰਗ ਤੇ ਨਹੀਂ ਰੀਝਦਾ, ਨਾ ਹੀ ਉਸ ਦੇ ਨਜ਼ਦੀਕ ਪਛਮੀ ਤਹਿਜ਼ੀਬ ਨੂੰ ਫ਼ਜ਼ੀਲਤ

bsrstrust.org

ਹੋਣ ਦੀ ਇਕ-ਪਖਤਾ ਹੈ, ਨਾ ਹੀ ਕਾਲੇ ਗੋਰੇ ਰੰਗ ਦੇ ਵਿਤਕਰੇ ਦਾ ਮੇਨੀਆ ਹੈ। ਅਗੇ ਕੈਸੀ ਮਹਾਨਤਾ ਦਸਮੇਸ਼ ਵਾਕ ਅਕਾਲ ਪੁਰਖ ਦੀ ਨਿਰਣਾਉਂਦੇ ਹਨ :

**ਸੁੰਦਰ ਸਰੂਪ ਹੈਂ ਕਿ ਭੂਪਨ ਕੋ ਭੂਪ ਹੈਂ**
**ਕਿ ਰੂਪ ਹੂੰ ਕੋ ਰੂਪ ਹੈਂ ਕੁਮਤਿ ਕੋ ਪ੍ਰਹਾਰੁ ਹੈਂ॥**
**ਦੀਨਨ ਕੋ ਦਾਤਾ ਹੈਂ ਗਨੀਮਨ ਕੋ ਗਾਰਕ ਹੈਂ**
**ਸਾਧਨ ਕੋ ਰੱਛਕ ਹੈਂ ਗੁਨਨ ਕੋ ਪਹਾਰੁ ਹੈਂ॥੭॥੨੫੯॥**

ਗਿਆਨ ਪ੍ਰਬੋਧ ਦੇ ਅਰੰਭ ਵਿਚ ਕਿਆ ਹੀ ਸੁੰਦਰ ਉਸਤਤੀ ਸ੍ਰੀ ਅਕਾਲ ਪੁਰਖ ਦੀ ਸ੍ਰੀ ਦਸਮੇਸ਼ ਜੀ ਨੇ ਕੀਤੀ ਹੈ, ਯਥਾ :

**ਨਮੋ ਨਾਥ ਪੂਰੇ ਸਦਾ ਸਿੱਧ ਕਰਮੰ॥**
**ਅਛੇਦੀ ਅਭੇਦੀ ਸਦਾ ਏਕ ਧਰਮੰ॥**
**ਕਲੰਕੰ ਬਿਨਾ ਨਿਹ-ਕਲੰਕੀ ਸਰੂਪੇ॥**
**ਅਛੇਦੰ ਅਭੇਦੰ ਅਖੇਦੰ ਅਨੂਪੇ॥੧॥**
**ਨਮੋ ਲੋਕ ਲੋਕੇਸੁਰੰ ਲੋਕ ਨਾਥੇ॥**
**ਸਦੈਵੰ ਸਦਾ ਸਰਬ ਸਾਥੰ ਅਨਾਥੇ॥**
**ਨਮੋ ਏਕ ਰੂਪੰ ਅਨੇਕੰ ਸਰੂਪੇ॥**
**ਸਦਾ ਸਰਬ ਸਾਹੰ ਸਦਾ ਸਰਬ ਭੂਪੇ॥੨॥**

ਐਸੀਆਂ ਸਿਫ਼ਤਾਂ ਵਾਲਾ ਰੱਬ ਪ੍ਰੀਤ ਲੜੀਏ ਸੰਪਾਦਕ ਨੂੰ ਕਦਾਚਿਤ ਮਨਜ਼ੂਰ ਤੇ ਮਾਫ਼ਕ ਨਹੀਂ। ਉਹ ਤਾਂ ਆਸਤਕਤਾ ਭਰੇ ਅਕਾਲ ਪੁਰਖ ਦੀ ਅਨਿੰਨ ਉਪਾਸ਼ਨਾ ਦੇ ਸ੍ਰੀ ਮੁਖਵਾਕਾਂ ਵਿਚੋਂ ਭੀ ਨਾਸਤਕਤਾ ਦੀ ਵੰਨਗੀ ਹੀ ਲਭਦੇ ਹਨ, ਇਸ ਤੋਂ ਬਿਨਾਂ ਉਨ੍ਹਾਂ ਨੂੰ ਹੁਣ ਤਾਈਂ ਹੋਰ ਲਭਤਾ ਕੁਝ ਭੀ ਨਹੀਂ ਹੋਈ। ਮਨ-ਘੜਤ ਗੱਲਾਂ ਲਿਖ ਕੇ ਗੁਰਬਾਣੀ ਵਿਚੋਂ ਭੀ ਗ਼ਲਤ ਸਿਧਾਂਤ ਕੱਢਣ ਦੇ ਯਤਨ ਕੀਤੇ ਹਨ।

## ਪ੍ਰੀਤ ਲੜੀ ਦੀ ਕਸੌਟੀ ਦਾ ਚੰਗਾ ਤੇ ਪਵਿੱਤਰ ਜੀਵਨ

ਪ੍ਰੀਤ ਲੜੀ ਦੇ ਅੰਦਾਜ਼ ਵਿਚ ਚੰਗੇ ਤੇ ਪਵਿੱਤਰ ਜੀਵਨ ਦੀ ਸਰਬ ਪ੍ਰਵਾਨ ਕਸੌਟੀ ਹੀ ਕੋਈ ਨਹੀਂ। ਜੇ ਹੋਵੇ ਭੀ ਤਾਂ ਪ੍ਰੀਤ ਲੜੀ ਨੂੰ ਮਨਜ਼ੂਰ


bsrstrust.org

ਨਹੀਂ। ਚੰਗਿਆਈ ਤੇ ਪਵਿੱਤਰਤਾ ਦਾ ਆਦਰਸ਼ਕ ਪਿਆਰ ਪ੍ਰੀਤ ਲੜੀ ਦੀਆਂ ਨਜ਼ਰਾਂ ਵਿਚ ਖਾਰ (ਕੰਡਾ) ਹੋ ਕੇ ਚੁਭਦਾ ਹੈ, ਉਸ ਨੂੰ ਜਗਤ-ਪ੍ਰਸਿੱਧ ਯਾ ਸਰਬ ਪ੍ਰਵਾਨੀਕ ਪਵਿੱਤਰਤਾ ਤੇ ਚੰਗਿਆਈ ਵਾਲਾ ਜੀਵਨ ਪਸੰਦ ਨਹੀਂ। ਉਸ ਨੂੰ ਤਾਂ ਆਪਣੀਆਂ ਮਨ-ਮੰਨੀਆਂ ਉਕਤ-ਯੁਕਤੀਆਂ ਕਸੌਟੀਆਂ ਵਾਲੀ ਚੰਗਿਆਈ ਅਤੇ ਪਵਿੱਤਰਤਾ ਦੀ ਪਰਖ ਹੀ ਸਰਬ ਪਰਖਾਂ ਤੋਂ ਅਫ਼ਜ਼ਲ (ਉੱਚੀ) ਪਰਖ ਹੈ। ਉਹ ਚੰਗੇ ਅਤੇ ਪਵਿੱਤਰ ਜੀਵਨ ਦਾ ਕੋਈ ਧੁਰਵਾ ਨਹੀਂ ਬੰਨ੍ਹਦੀ, ਨਾ ਹੀ ਕੋਈ ਆਦਰਸ਼ ਕਾਇਮ ਕਰਦੀ ਹੈ। ਉਹ ਤਾਂ ਮਜ਼ਹਬਾਂ ਧਰਮਾਂ ਉਤੇ ਕੋਈ ਨ ਕੋਈ ਬਹਾਨਾ ਬਣਾ ਕੇ ਵਿੰਗੇ ਟੇਢੇ ਤਰੀਕੇ ਨਾਲ ਅਟੈਕ ਕਰਨਾ ਸ਼ੁਰੂ ਕਰ ਦਿੰਦੀ ਹੈ। ਉਸ ਦਾ ਮੁੱਖ ਮਨੋਰਥ ਚੰਗੇ ਤੇ ਪਵਿੱਤਰ ਜੀਵਨ ਉਤੇ ਮਜ਼ਮੂਨ ਲਿਖਣਾ ਨਹੀਂ, ਨਿਸ਼ਾਨਾ ਉਸ ਦਾ ਓਹੀ ਧਰਮ ਤੇ ਧਰਮੀ ਪੁਰਸ਼ਾਂ ਉਤੇ ਤਰਕ ਕਰਨ ਦਾ ਹੈ। ਉਸ ਦੇ ਦਿਲ ਦਿਮਾਗ਼ ਅੰਦਰ ਮਤ-ਮਤਾਂਤ੍ਰੀ ਪੇਸ਼ਵਾਆਂ ਤੇ ਪੈਰੋਕਾਰਾਂ ਦੇ ਵਿਰੁਧ ਕੁਟ ਕੁਟ ਕੇ ਵਿਰੋਧੀ ਭਾਵ ਦੀ ਸਪਿਰਟ ਭਰੀ ਹੋਈ ਹੈ। ਉਸ ਦਾ ਯਤਨ ਹਮੇਸ਼ਾ ਮਜ਼ਹਬ ਦੇ ਤਾਰੀਕ (ਅੰਧੇਰੇ) ਪਹਿਲੂ ਨੂੰ ਹੀ ਦੇਖਣਾ ਹੁੰਦਾ ਹੈ।

ਪ੍ਰੀਤ ਲੜੀ ਦੇ ਖ਼ਿਆਲ ਵਿਚ ਇਕ ਆਦਮੀ ਅਪਵਿੱਤਰ ਹੁੰਦਾ ਹੋਇਆ, ਅਰਥਾਤ, ਪਵਿੱਤਰ ਨਾ ਹੁੰਦਾ ਹੋਇਆ ਭੀ ਚੰਗਾ ਹੋ ਸਕਦਾ ਹੈ, ਪਰੰਤੂ ਪ੍ਰੀਤ ਲੜੀ ਦਾ ਇਹ ਕਥਨ ਬਿਲਕੁਲ ਗ਼ਲਤ ਹੈ ਕਿ—"ਕਈਆਂ ਦੇ ਖ਼ਿਆਲ ਵਿਚ ਇਕ ਆਦਮੀ ਚੰਗਾ ਨਾ ਹੁੰਦਾ ਹੋਇਆ ਭੀ ਪਵਿੱਤਰ ਹੋ ਸਕਦਾ ਹੈ।" ਕਦੇ ਚੰਗਾ ਨਾ ਹੁੰਦਾ ਹੋਇਆ, ਭਾਵ ਮੰਦਾ ਆਦਮੀ ਭੀ ਪਵਿੱਤਰ ਹੋ ਸਕਦਾ ਹੈ ? ਇਹ ਕਿਸੇ ਦਾ ਭੀ ਖ਼ਿਆਲ ਨਹੀਂ, ਨਾ ਹੀ ਕਿਸੇ ਮਤ ਮਜ਼ਹਬ ਦਾ ਇਹ ਮਸਲਾ ਹੈ, ਇਹ ਪ੍ਰੀਤ ਲੜੀ ਦਾ ਖ਼ੁਦ-ਸਾਖ਼ਤਾ ਖ਼ਿਆਲ ਹੈ। ਪ੍ਰੀਤ ਲੜੀ ਦੀ ਮਨ-ਘੜਤ ਕਸੌਟੀ ਵਾਲੀ ਫੋਕੀ ਚੰਗਿਆਈ, ਸ਼ੁਸ਼ਕ ਸ਼ਰਾਫ਼ਤ, ਬਿਪਰੀਤ ਗਤੀ, ਪ੍ਰੀਤ ਪਾਜਲ ਸਚਿਆਈ, ਦਿਖਾਵੇ ਦੀ ਹਮਦਰਦੀ, ਜ਼ਾਹਰਦਾਰੀ ਵਾਲੀ ਵਫ਼ਾਦਾਰੀ, ਦੰਭੀ ਫ਼ਰੇਬੀ ਦਿਆਨਤਦਾਰੀ ਅਤੇ ਚਾਲ ਚਲਣ ਦੀ ਰਿਆਕਾਰੀ, ਕਿਸੇ ਭੀ ਲੇਖੇ ਨਹੀਂ, ਜੇਕਰ ਕਿਸੇ ਦੇ ਜੀਵਨ ਵਿਚ ਸੱਚੀ ਸੁੱਚੀ ਪਵਿੱਤਰਤਾ ਨਹੀਂ ਪਰਵੇਸ਼ ਹੋਈ। ਇਹ ਪਵਿੱਤਰਤਾ ਕਿਸੇ ਦੇ ਜੀਵਨ ਵਿਚ ਐਵੇਂ ਕਿਵੇਂ ਪਰਵੇਸ਼ ਹੋ ਸਕਦੀ ਹੈ, ਜਦ ਤਾਈਂ ਉਹ

ਜੀਵਨ ਆਦਰਸ਼ਕ ਪਵਿੱਤਰਤਾ ਦੀ ਪਾਰਸ ਛੋਹ ਨਾਲ ਸਪਰਸ਼ ਨ ਹੋਵੇ ? ਪ੍ਰੀਤ ਲੜੀ ਦੀ ਪਰਖ ਅਨੁਸਾਰ ਉਹ ਆਦਮੀ ਬਣਿਆ ਤਣਿਆ ਪਵਿੱਤਰ ਤੇ ਚੰਗਾ ਹੈ ਜੋ ਸਾਰੀਆਂ ਰਾਤਾਂ ਸਿਨੇਮਿਆਂ ਦੀਆਂ ਕੁੜਾਵੀਆਂ ਰਾਸਾਂ ਦੀਆਂ ਪ੍ਰੀਤ ਰੀਤਾਂ ਵਿਚ ਗੁਜ਼ਾਰੇ, ਭਾਵੇਂ ਸਦਾ ਪਹਿਰ ਦਿਨ ਚੜ੍ਹੇ ਤੋਂ ਉਠੇ ਅਤੇ ਉਠ ਕੇ ਇਸ਼ਨਾਨ ਤਾਂ ਕੀ ਕਰਨਾ ਸੀ, ਭਾਵੇਂ ਮੂੰਹ ਭੀ ਨਾ ਧੋਵੇ। ਬੂਟ ਸੂਟ ਲਾ ਕੇ ਟੀ-ਪਾਰਟੀਆਂ ਦੀਆਂ ਪ੍ਰੀਤ-ਮੰਡਲੀਆਂ ਵਿਚ ਪਾਰਟ ਲੈਣ ਵਾਲਾ, ਕੁੜਾਵੀਆਂ ਪ੍ਰੀਤਾਂ ਅਤੇ ਖ਼ੁਸ਼ਾਮਦ-ਪ੍ਰਸਤੀਆਂ ਵਿਚ ਭਾਵੇਂ ਦਿਨ ਰਾਤ ਖਚਤ ਰਹੇ ਅਤੇ ਚਿਕਨੀਆਂ ਚੋਪੜੀਆਂ ਚਮਕਦਾਰ ਚਿਹਰਾ-ਸਾਜ਼ੀਆਂ ਵਿਚ ਘੰਟਿਆਂ ਬੱਧੀ ਮਸਰੂਫ਼ ਰਹੇ, ਉਹ ਪ੍ਰੀਤ ਲੜੀ ਦੀ ਕਸੌਟੀ ਉਤੇ ਚੜ੍ਹਿਆ ਖਰੇ ਖਾਸੇ ਚੰਗੇ ਤੇ ਪਵਿੱਤਰ ਜੀਵਨ ਵਾਲਾ ਆਦਮੀ ਹੈ; ਪਰ ਜਿਹੜਾ ਕੋਈ ਆਦਮੀ "ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਦਾ, ਪਾਠ ਸੰਧਿਆ ਪੜ੍ਹ ਕੇ ਮੰਦਰ ਵਿਚ ਜਾਂਦਾ ਹੈ, ਭਾਵੇਂ ਉਹ ਕਿੰਨਾ ਪਾਕ ਪਵਿੱਤਰ ਅਤੇ ਚੰਗਿਆਈ ਦਾ ਪੁੰਜ ਹੋਵੇ", ਉਹ ਆਦਮੀ ਪ੍ਰੀਤ ਲੜੀ ਦੀਆਂ ਨਜ਼ਰਾਂ ਵਿਚ ਅਪਵਿੱਤਰ ਅਤੇ ਮੰਦਾ ਆਦਮੀ ਹੀ ਰਹੇਗਾ। ਜੋ ਆਦਮੀ "ਜਿਥੇ ਕਿਤੇ ਸਾਧੂ ਸੰਤ ਦੀ ਸੋਅ ਸੁਣਦਾ ਹੈ, ਓਥੇ ਪਹੁੰਚ ਕੇ ਉਨ੍ਹਾਂ ਨਾਲ ਬਚਨ ਬਿਲਾਸ ਕਰਦਾ ਹੈ, ਸਮੇਂ ਸਮੇਂ ਘਰ ਵਿਚ ਕੋਈ ਧਾਰਮਕ ਇਕੱਠ ਕਰਦਾ, ਭੋਗ ਪੁਆਉਂਦਾ, ਸਮੱਗਰੀ ਬਾਲਦਾ, ਮਾਲਾ ਫੇਰਦਾ, ਲਿਵ ਜੋੜਦਾ ਜਾਂ ਸਮਾਧੀ ਲਾਉਂਦਾ ਹੈ", ਉਹ ਆਦਮੀ ਪ੍ਰੀਤ ਲੜੀ ਦੀ ਨਜ਼ਰ ਕਸੌਟੀ ਅਨੁਸਾਰ ਨਾਪਾਕ ਤੇ ਮੰਦਾ ਹੈ, ਕਦੇ ਭੀ ਚੰਗੇ ਅਤੇ ਪਵਿੱਤਰ ਜੀਵਨ ਵਾਲਾ ਨਹੀਂ ਹੋ ਸਕਦਾ (ਕਾਮਿਆਂ ਵਿਚਲੀ ਇਬਾਰਤ ਪ੍ਰੀਤ ਲੜੀ ਦੀ ਆਪਣੀ ਹੈ)। ਇਸ ਇਬਾਰਤ ਅੰਦਰ ਪ੍ਰੀਤ ਲੜੀ ਨੇ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਨ ਵਾਲਿਆਂ ਉਤੇ, ਪਾਠ ਸੰਧਿਆ ਪੜ੍ਹ ਕੇ ਮੰਦਰ ਵਿਚ ਜਾਣ ਵਾਲਿਆਂ ਉਤੇ, ਸਤਸੰਗ ਕਰਨ ਵਾਲਿਆਂ ਸਤਸੰਗੀਆਂ ਉਤੇ, ਧਾਰਮਕ ਇਕੱਠ ਕਰਨ ਵਾਲਿਆਂ ਉਤੇ, ਭੋਗ ਪਾਉਣ ਵਾਲਿਆਂ ਉਤੇ, ਮਾਲਾ ਫੇਰਨ ਵਾਲਿਆਂ ਉਤੇ, ਲਿਵ ਜੋੜਨ ਵਾਲਿਆਂ ਉਤੇ, ਸਮਾਧੀ ਲਾਉਣ ਵਾਲਿਆਂ ਉਤੇ ਕੁਤਰਕ ਭਰਿਆ ਮਖੌਲ ਉਡਾਇਆ ਹੈ ਅਤੇ ਉਨ੍ਹਾਂ ਦੇ ਜੀਵਨ ਨੂੰ ਨੀਚਾ ਦਿਖਾਇਆ ਹੈ। ਪ੍ਰੀਤ ਲੜੀ ਨੇ ਇਹ ਲਿਖ ਕੇ ਆਪਣੇ ਪਾਠਕਾਂ ਨੂੰ ਸਪੱਸ਼ਟ ਤੌਰ ਤੇ ਪਹਿਰ ਰਾਤ ਰਹਿੰਦੀ



bsrstrust.org

ਉਠ ਕੇ ਇਸ਼ਨਾਨ ਕਰਨੋਂ, ਪਾਠ ਸੰਧਿਆ ਪੜ੍ਹਨੋਂ, ਧਰਮ ਮੰਦਰ ਗੁਰਦੁਆਰਿਆਂ ਵਿਚ ਜਾਣੋਂ, ਸਤਸੰਗ ਕਰਨੋਂ, ਸਮੇਂ ਸਮੇਂ ਘਰ ਵਿਚ ਧਾਰਮਕ ਇਕੱਠ ਕਰਨੋਂ, ਭੋਗ ਪਵਾਉਣੋਂ, ਭਜਨ ਬੰਦਗੀ ਕਰਨੋਂ, ਲਿਵ ਜੋੜਨੋਂ ਅਤੇ ਸਮਾਧੀ ਲਾਉਣ ਵਲੋਂ ਨਫ਼ਰਤ ਦਿਵਾਈ ਹੈ ਅਤੇ ਐਸਾ ਟੇਢੇ ਭਾਵਾਂ ਦਾ ਮਖ਼ੌਲ ਉਡਾਇਆ ਹੈ ਕਿ ਕੋਈ ਭੀ ਸਾਦਾ ਗੁਰਸਿੱਖ ਪ੍ਰੀਤ ਲੜੀ ਦੀਆਂ ਇਨ੍ਹਾਂ ਸਤਰਾਂ ਨੂੰ ਸਿੱਖੀ ਦੇ ਮੁੱਖ ਧਰਮ ਅਸੂਲਾਂ ਤੋਂ ਮੁਨਹਰਫ਼ ਹੋਏ ਬਿਨਾਂ ਨਹੀਂ ਰਹਿ ਸਕਦਾ।

ਪ੍ਰੀਤ-ਮੰਡਲੀ ਦੇ ਇਕ ਸੱਜਣ ਜੋ ਅਸਾਨੂੰ ਮਿਲੇ ਸਨ ਤੇ ਬੜੇ ਜ਼ੋਰ ਨਾਲ ਕਹਿੰਦੇ ਸਨ ਅਤੇ ਮਨਾਏ ਭੀ ਨਹੀਂ ਮੰਨਦੇ ਸਨ ਕਿ ਉਨ੍ਹਾਂ ਦੇ ਪ੍ਰੀਤ ਲੜੀ ਦੇ ਲਿਖਾਰੀ ਕਦੇ ਭੀ ਧਰਮ ਵਿਰੁੱਧ ਕੁਤਰਕਾਂ ਨਹੀਂ ਕਰਦੇ। ਪ੍ਰੀਤ ਲੜੀ ਦਾ ਇਹ ਸਜਰਾ ਲੇਖ ਉਨ੍ਹਾਂ ਦੀ ਮੁਲਾਕਾਤ ਹੋਣ ਤੋਂ ਪਹਿਲਾਂ ਅਸੀਂ ਪੜ੍ਹਿਆ ਨਹੀਂ ਸੀ, ਨਹੀਂ ਤਾਂ ਅਸੀਂ ਇਹ ਸੱਜਰੀ ਵੰਨਗੀ ਉਨ੍ਹਾਂ ਨੂੰ ਦਿਖਾ ਕੇ ਅਸਲੀਅਤ ਉਨ੍ਹਾਂ ਦੇ ਸਾਹਮਣੇ ਚੰਗੀ ਤਰ੍ਹਾਂ ਪਰਗਟ ਕਰਦੇ। ਪ੍ਰੀਤ ਲੜੀ ਦਾ ਸ਼ੇਵਾ ਹੀ ਧਰਮ ਅਤੇ ਮਜ਼ਹਬ ਉਤੇ ਕੁਤਰਕਾਂ ਬੜੇ ਕੁਹਜੇ ਤਰੀਕੇ ਨਾਲ ਕਰਨਾ ਹੈ। ਜੇ ਕੋਈ ਉਸ ਨੂੰ ਇਸ ਕਰਤੂਤ ਤੋਂ ਵਰਜੇ ਤਾਂ ਉਸ ਵਰਜਣਹਾਰੇ ਨੂੰ ਉਹ ਕ੍ਰੋਧੀ ਹੋਣ ਦਾ ਟੇਢਾ ਵਿੰਗਾ ਫ਼ਤਵਾ ਦਿੰਦੀ ਹੈ। ਪ੍ਰੀਤ ਲੜੀ ਦੀ ਖ਼ੁਦ-ਸਾਖ਼ਤਾ ਕਸੌਟੀ ਵਾਲੇ ਜੀਵਨ ਵਿਚ ਈਰਖਾ, ਬੁਗ਼ਜ਼, ਕੀਨਾ ਚਾਹੇ ਕੁਟ ਕੁਟ ਕੇ ਭਰਿਆ ਹੋਵੇ, ਪਰ ਉਸ ਉਤੇ ਕ੍ਰੋਧੀ ਹੋਣ ਦਾ ਲੇਸ ਨਹੀਂ ਲਗਦਾ ਅਤੇ ਜੇ ਕੋਈ ਉਸ ਨੂੰ ਇਨ੍ਹਾਂ ਈਰਖਾ-ਬਾਜ਼ੀਆਂ ਤੇ ਕੀਨਾ-ਦੋਜ਼ੀਆਂ ਤੋਂ ਬਾਜ਼ ਰੱਖਣ ਲਈ ਕੁਛ ਕਹੇ ਜਾਂ ਲਿਖੇ, ਤਾਂ ਉਸ ਉਤੇ ਉਹ ਕ੍ਰੋਧ ਦਾ ਫ਼ਤਵਾ ਜੜ੍ਹਨੋਂ ਕਦੇ ਸੰਕੋਚ ਨਹੀਂ ਕਰਦੀ। ਕੀ ਐਸੇ ਵਤੀਰੇ ਵਾਲੇ ਆਦਮੀ ਨੂੰ ਚੰਗੇ ਅਤੇ ਪਵਿੱਤਰ ਜੀਵਨ ਵਾਲਾ ਆਦਮੀ ਕਹਿਣਾ ਰਵਾਦਾਰੀ ਹੈ ? ਕੀ ਇਨ੍ਹਾਂ ਕੌੜੇ ਵਤੀਰਿਆਂ ਵਾਲੇ ਦਿਆਨਤਦਾਰ ਕਹਾ ਸਕਦੇ ਹਨ ? ਕੀ ਇਸੇ ਦਾ ਨਾਮ ਸਚਾਈ ਦੀ ਵਰਤੋਂ ਹੈ ? ਅਜਿਹੇ ਆਦਮੀ ਦਾ ਜੀਵਨ ਕੀ ਖ਼ਾਕ ਮੁਫ਼ੀਦ ਹੋ ਸਕਦਾ ਹੈ ?

ਪ੍ਰੀਤ ਲੜੀ ਦੇ ਸੰਪਾਦਕ ਜੀ ਨੇ ਚੰਗੇ ਅਤੇ ਪਵਿੱਤਰ ਜੀਵਨ ਦੀ ਨਜ਼ੀਰ ਆਪਣੇ ਵਲੋਂ ਦੇਣ ਦੀ ਹਿੰਮਤ ਤਾਂ ਨਹੀਂ ਕੀਤੀ, ਪਰ ਆਪਣੀ ਸਾਰੀ ਸੰਪਾਦਕੀ ਤਾਕਤ ਆਪਣੇ ਫ਼ਰਜ਼ੀ ਮੁਖ਼ਾਲਫ਼ਾਂ ਦੀਆਂ ਫ਼ਰਜ਼ੀ ਪਵਿੱਤਰ


bsrstrust.org

ਹਸਤੀਆਂ ਰਚਾ ਕੇ ਆਪਣੇ ਗ਼ੁਸੇ ਦੀ ਅੱਗ ਨਾਨਾ ਪ੍ਰਕਾਰ ਦੀਆਂ ਕੁਤਰਕਾਂ ਲਿਖ ਕੇ ਠੰਢੀ ਕੀਤੀ ਹੈ। ਪ੍ਰੀਤ ਲੜੀ ਦੀ ਖ਼ਿਆਲੀ ਦੁਨੀਆ ਵਿਚ ਸਾਰੀਆਂ ਐਸੀਆਂ ਹਸਤੀਆਂ ਹੀ ਵਸਦੀਆਂ ਹਨ ਜੋ ਦੂਜਿਆਂ ਕੋਲੋਂ ਸੇਵਾ ਕਰਾਉਂਦੀਆਂ ਹਨ। ਉਸ ਨੂੰ ਗੁਰਸਿੱਖਾਂ ਦਾ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ ਯਾ ਕਰਾਉਣਾ, ਠੰਢੇ ਅਤੇ ਤੱਤੇ ਪਾਣੀ ਨਾਲ ਨ੍ਹਾਉਣਾ ਯਾ ਨੁਲ੍ਹਾਉਣਾ ਬੜਾ ਅਯੋਗ ਪ੍ਰਤੀਤ ਹੁੰਦਾ ਹੈ, ਪਰ ਜੇ ਪ੍ਰੀਤ ਲੜੀ ਦੇ ਪ੍ਰੀਤ ਨਗਰ ਵਿਚ ਭੋਲੇ ਭਾਲੇ ਪਿੱਛਲਗ ਸ਼ਰਧਾਲੂ ਪ੍ਰੀਤ ਨਗਰ ਦੇ ਦਰਸ਼ਨਾਂ ਲਈ ਇਕੱਠੇ ਹੁੰਦੇ ਰਹਿਣ ਤਦ ਤਾਂ ਉਨ੍ਹਾਂ ਨੂੰ ਇਹ ਗੱਲ ਸਵਾਬ ਪ੍ਰਤੀਤ ਹੁੰਦੀ ਹੈ। ਜੇਕਰ ਧਰਮ-ਮੰਡਲੀ ਦੇ ਸ਼ਰਧਾਲੂ ਪ੍ਰਸਪਰ ਸਤਸੰਗ ਲਈ ਕਿਸੇ ਅਸਥਾਨ ਤੇ ਇਕੱਠੇ ਹੋਣ ਤਾਂ ਉਸਨੂੰ ਉਹ ਬੁਰਾ ਸਮਝਦੇ ਹਨ। ਉਸ ਨੇ ਧਾਰਮਕ ਹਸਤੀਆਂ ਪ੍ਰਥਾਇ ਨਾਨਾ ਪ੍ਰਕਾਰ ਦੀਆਂ ਊਜਾਂ ਲਾ ਕੇ ਆਪਣਾ ਗੁੱਸਾ ਜ਼ਾਹਰ ਕੀਤਾ ਹੈ, ਸਿਧਾਂਤ ਕੋਈ ਨਹੀਂ ਦਸਿਆ। ਲੇਖ ਦਾ ਸਿਰਲੇਖ ਤਾਂ ਦਿਤਾ ਹੈ—'ਚੰਗਾ ਤੇ ਪਵਿੱਤਰ ਜੀਵਨ', ਪਰ ਏਸ ਵਿਚ ਕੀਤੀ ਹੈ ਦੂਜਿਆਂ ਦੀ ਐਬਜੋਈ। ਕੀ ਇਹ ਹੀ ਮਜ਼ਮੂਨ-ਨਵੀਸੀ ਦੀ ਖ਼ੂਬੀ ਹੈ, ਜਿਸ ਪਰ ਕਿ ਪ੍ਰੀਤ ਲੜੀ ਦੇ ਪਾਠਕ ਮੋਹਤ ਹੋਏ ਪਏ ਹਨ ? ਦੂਜੀ ਸ਼੍ਰੇਣੀ ਦੀਆਂ ਪਵਿੱਤਰ ਹਸਤੀਆਂ ਨੂੰ ਵਰਣਨ ਕਰਦੇ ਹੋਏ ਪ੍ਰੀਤ ਲੜੀ ਨੇ ਪੰਥ ਦੇ ਵਿਦਵਾਨ ਤਬਕੇ ਉਤੇ ਕੁਤਰਕ ਵਾਲੀਆਂ ਖ਼ਿਆਲ-ਅਰਾਈਆਂ ਕੀਤੀਆਂ ਹਨ। ਜਿਨ੍ਹਾਂ ਗੁਰਸਿੱਖਾਂ ਨੇ ਇਸ ਦੇ ਗੁਮਰਾਹ ਕਰਾਉਣ ਵਾਲੇ ਲੇਖਾਂ ਨੂੰ ਖੰਡਨ ਕੀਤਾ ਹੈ, ਉਨ੍ਹਾਂ ਦਾ ਯਥਾ ਯੋਗ ਉੱਤਰ ਤਾਂ ਉਹ ਕੋਈ ਦੇ ਨਹੀਂ ਸਕੀ, ਬੱਸ ਕੁਤਰਕਬਾਜ਼ੀ ਉਤੇ ਹੀ ਜ਼ੋਰ ਦਿਤਾ ਹੈ, ਜੋ ਉਸ ਦੀ ਕਮਜ਼ੋਰੀ ਦੀ ਪੱਕੀ ਨਿਸ਼ਾਨੀ ਹੈ। ਪ੍ਰੀਤ ਲੜੀ ਅਜਿਹੇ ਜੀਵਨ ਨੂੰ ਪਵਿੱਤਰ ਤੇ ਚੰਗਾ ਸਮਝਦੀ ਹੈ, ਜਿਸ ਦੀ ਪ੍ਰੀਤ ਘੜੀ ਘੜੀ ਪ੍ਰੀਤ ਨਗਰ ਦੇ ਮੁਫ਼ੀਦ ਕੰਮ ਵਿਚ ਲਗਦੀ ਹੋਵੇ, ਪਰ ਪ੍ਰੀਤ ਲੜੀ ਦਾ ਉਸ ਨੂੰ ਪ੍ਰੀਤ ਨਗਰ ਦੇ ਭਾਰਾਂ ਹੇਠ ਲਿਆਉਣ ਵਾਲਾ ਜੀਵਨ ਫੇਰ ਭੀ ਭਾਰੂ ਨਹੀਂ ਹੈ।

## ਪ੍ਰੀਤ ਲੜੀ ਤੇ ਪਵਿੱਤਰਤਾ

ਪ੍ਰੀਤ ਲੜੀ ਨੂੰ ਪਵਿੱਤਰ ਆਦਮੀ ਚੰਗੇ ਨਹੀਂ ਲਗਦੇ, ਭਾਵੇਂ ਉਹ


bsrstrust.org

ਕਿਤਨੇ ਹੀ ਪਵਿੱਤਰ ਹੋਣ। ਪਵਿੱਤਰਤਾ ਵਿਚ ਉਸ ਨੂੰ ਚੰਗਿਆਈ ਹੀ ਨਹੀਂ ਭਾਸਦੀ। ਪਵਿੱਤਰ ਆਦਮੀ ਭਾਵੇਂ ਮਨ ਕਰਕੇ, ਭਾਵੇਂ ਤਨ ਕਰਕੇ ਪਵਿੱਤਰ ਹੋਵੇ, ਭਾਵੇਂ ਦਿਲ ਕਰਕੇ ਪਵਿੱਤਰ ਹੋਵੇ ਤੇ ਭਾਵੇਂ ਦਿਮਾਗ਼ ਕਰਕੇ ਪਵਿੱਤਰ ਹੋਵੇ, ਭਾਵੇਂ ਖ਼ਿਆਲ ਕਰਕੇ ਪਵਿੱਤਰ ਹੋਵੇ, ਭਾਵੇਂ ਅਮਲਾਂ ਕਰਕੇ ਪਵਿੱਤਰ ਹੋਵੇ, ਭਾਵੇਂ ਕੌਲ ਕਰਕੇ ਪਵਿੱਤਰ ਹੋਵੇ ਤੇ ਭਾਵੇਂ ਫ਼ੇਅਲ ਕਰਕੇ ਪਵਿੱਤਰ ਹੋਵੇ, ਪਰ ਪ੍ਰੀਤ ਲੜੀ ਦੇ ਭਾ ਉਹ ਆਦਮੀ ਚੰਗਾ ਨਹੀਂ ਹੋ ਸਕਦਾ। ਖੁਲ੍ਹੀਆਂ ਪ੍ਰੀਤਾਂ ਲਾਉਣ ਵਾਲਾ, ਮਨ-ਭਾਉਂਦੀਆਂ ਰੀਝਾਂ ਰੀਝਾਉਣ ਵਾਲਾ ਆਦਮੀ ਭਾਵੇਂ ਕਿਤਨਾ ਹੀ ਮੰਦਾ ਅਤੇ ਅਪਵਿੱਤਰ ਹੋਵੇ, ਪ੍ਰੀਤ ਲੜੀ ਦੀ ਖ਼ਿਆਲੀ ਡੈਫ਼ਨੀਸ਼ਨੀ ਡਿਕਸ਼ਨਰੀ ਵਿਚ ਉਹ ਬਹੁਤ ਚੰਗਾ ਆਦਮੀ ਹੈ। ਪਵਿੱਤਰਤਾ ਦੇ ਪਦ ਨਾਲ ਪ੍ਰੀਤ ਲੜੀ ਦੇ ਖ਼ਿਆਲ ਵਿਚ ਚੰਗਿਆਈ ਦਾ ਸੇਹਰਾ ਲੱਗ (ਲਟਕ) ਹੀ ਨਹੀਂ ਸਕਦਾ। ਖ਼ਾਸ ਕਰਕੇ ਪ੍ਰਮਾਰਥੀ ਪਵਿੱਤਰ ਆਦਮੀ ਤਾਂ ਉਸ ਨੂੰ ਤ੍ਰਿੰਨ ਕਾਲ ਪਵਿੱਤਰ ਨਹੀਂ ਲੱਗ ਸਕਦੇ। ਚੋਪੜੀ ਪ੍ਰੀਤ ਵਾਲੇ ਆਦਮੀ ਹੀ ਉਸ ਨੂੰ ਚੰਗੇ ਲਗਦੇ ਹਨ। ਪ੍ਰੀਤ ਲੜੀ ਦਾ ਆਦਰਸ਼, ਆਦਰਸ਼ੀ ਚੰਗਿਆਈ ਇਸ ਚੋਪੜੀ ਪ੍ਰੀਤ ਵਿਚ ਹੀ ਹੈ—"ਮਨ ਤੁਰਾ ਹਾਜੀ ਬਗੋਇਮ, ਤੋ ਮਰਾ ਮੁਲਾਂ ਬਿਗੋ" ('ਜੇ ਮੈਂ ਤੈਨੂੰ ਹਾਜੀ ਆਖਾਂ, ਕਹੁ ਤੂੰ ਮੈਨੂੰ ਮੁਲਾਂ') ਦੇ ਕੌਲ ਫ਼ੇਅਲ ਵਾਲੇ ਆਦਮੀ ਪ੍ਰੀਤ ਲੜੀ ਦੇ ਨਿਕਟ ਆਦਰਸ਼ਕ ਤੇ ਚੰਗਿਆਈ ਵਾਲੇ ਚੰਗੇ ਆਦਮੀ ਹਨ। ਪ੍ਰੀਤ ਲੜੀ ਦੇ ਖ਼ਿਆਲ ਵਿਚ ਕੋਈ ਆਦਮੀ ਭਜਨ ਬੰਦਗੀ ਕਰ ਕੇ ਨਾ ਪਵਿੱਤਰ ਹੋ ਸਕਦਾ ਹੈ, ਨਾ ਚੰਗਾ ਹੋ ਸਕਦਾ ਹੈ। ਧਰਮ ਅਤੇ ਪ੍ਰਮਾਰਥ ਦੀ ਕੋਈ ਭੀ ਕਰਣੀ ਕਰ ਕੇ ਆਦਮੀ ਪਵਿੱਤਰ ਅਤੇ ਚੰਗਾ ਨਹੀਂ ਹੋ ਸਕਦਾ। ਨਾ ਹੀ ਕਿਸੇ ਪੀਰ ਪੈਗ਼ੰਬਰ ਗੁਰੂ ਅਵਤਾਰ ਦੀ ਸਿਖਿਆ ਤੇ ਅਮਲ ਕਰ ਕੇ ਕੋਈ ਆਦਮੀ ਪਵਿੱਤਰ ਤੇ ਚੰਗਾ ਹੋ ਸਕਦਾ ਹੈ। ਜੇ ਪਵਿੱਤਰ ਤੇ ਚੰਗਾ ਹੋ ਸਕਦਾ ਹੈ ਤਾਂ ਪ੍ਰੀਤ ਲੜੀ ਦੀ ਨਿਜ-ਘੜਤ ਪਵਿੱਤਰਤਾ ਅਤੇ ਚੰਗਿਆਈ ਦੀ ਕਸੌਟੀ ਤੇ ਚੜ੍ਹ ਕੇ। ਪ੍ਰੀਤ ਲੜੀ ਦੇ ਸੰਪਾਦਕ ਸਾਫ਼ ਲਫ਼ਜ਼ਾਂ ਵਿਚ ਨਿਸ਼ੰਗ ਹੋ ਕੇ ਆਖਦੇ ਹਨ ਕਿ ਪਵਿੱਤਰਤਾ ਤੇ ਚੰਗਿਆਈ ਦਾ ਭੇਤ—"ਨਾ ਗ੍ਰੰਥਾਂ ਵਿਚ ਹੈ, ਨਾ ਮੰਦਰਾਂ ਵਿਚ, ਨਾ ਕਿਸੇ ਬਾਣੀ ਵਿਚ.......ਪਿਛਲੀਆਂ ਸਚਾਈਆਂ ਵਿਚ, ਭਾਵੇਂ ਸੈਂਕੜੇ ਯਾਦ ਹੋਣ, ਪੀਰਾਂ ਮੁਰਸ਼ਦਾਂ ਦੀਆਂ ਦੱਸੀਆਂ ਵਿਧੀਆਂ ਅਨੁਸਾਰ ਭਾਵੇਂ ਵਰ੍ਹਿਆਂ ਬੱਧੀ

bsrstrust.org

ਇਬਾਦਤ ਕੀਤੀ ਹੋਵੇ, ਸੈਂਕੜੇ ਤੀਰਥਾਂ ਦੇ ਦਰਸ਼ਨ ਤੇ ਹਜ਼ਾਰਾਂ ਮਹਾਤਮਾਵਾਂ ਦੇ ਮਨੋਹਰ ਬਚਨ ਸੁਣੇ ਜਾਣ.......ਕੋਈ ਭਜਨ ਕਾਰਗਰ ਨਹੀਂ, ਕੋਈ ਗਿਆਨ ਸੁਖਦਾਈ ਨਹੀਂ ਹੋ ਸਕਦਾ।" ਇਹ ਹਨ ਪ੍ਰੀਤ ਲੜੀਏ ਸੰਪਾਦਕ ਦੇ ਖ਼ਿਆਲ, ਜੋ ਹੁਣ ਖੁਲ੍ਹੇ ਅੱਖਰਾਂ ਵਿਚ ਗੱਜ ਵੱਜ ਕੇ ਪਰਗਟ ਕਰਨ ਲੱਗ ਪਿਆ ਹੈ। ਅਗੇ ਤਾਂ ਲੁਕਵੀਂ ਅਤੇ ਲਪੇਟਵੀਂ ਇਬਾਰਤ ਵਿਚ ਕਰਦਾ ਹੁੰਦਾ ਸੀ, ਪਰ ਹੁਣ ਨਿਝੱਕ ਹੋ ਗਿਆ ਹੈ।

ਕੀ ਪ੍ਰੀਤ ਲੜੀ ਦੇ ਪਾਠਕਾਂ ਲਈ ਹੁਣ ਭੀ ਕੋਈ ਸ਼ੱਕ ਦੀ ਗੁੰਜਾਇਸ਼ ਹੈ ? ਇਸ ਦੇ ਉਪਰਲੇ ਅੱਖਰਾਂ ਤੋਂ ਤੁਸੀਂ ਅਨੁਮਾਨ ਲਗਾ ਲਵੋ ਕਿ ਇਹ ਸਿੱਖੀ ਲਿਬਾਸ ਵਿਚ ਕੈਸੀ ਜ਼ਹਿਰ ਉਗਲੀ ਹੈ ਧਰਮ ਦੇ ਬਰਖ਼ਿਲਾਫ਼, ਤੁਹਾਡੇ ਇਸ਼ਟ ਦੇ ਵਿਰੁੱਧ, ਤੁਹਾਡੇ ਈਮਾਨ ਦੇ ਵਿਰੁੱਧ। ਹੁਣ ਜੇ ਸਿੱਖ ਹੁੰਦੇ ਹੋਏ ਤੁਸੀਂ ਪ੍ਰੀਤ ਲੜੀ ਦੇ ਕੋਰੜੇ ਦੀ ਈਨ ਮੰਨੀ ਰੱਖੀ ਤਾਂ ਇਸ ਦਾ ਭਾਵ ਇਹ ਹੋਵੇਗਾ ਕਿ ਤੁਸਾਡੇ ਵਿਚ ਕੋਈ ਅਣਖ ਨਹੀਂ, ਕੋਈ ਸਿੱਖੀ ਵਾਲੀ ਸਪਿਰਟ ਨਹੀਂ। ਤੁਸੀਂ ਸਿੱਖ ਹੋ ਕੇ ਆਪਣੇ ਸਿੱਖ ਧਰਮ ਦਾ ਹਿਜੋ ਸੁਣਦੇ ਹੋ, ਆਪਣੇ ਇਸ਼ਟ-ਗੁਰੂ ਦੀ ਨਿੰਦਾ ਸੁਣਦੇ ਹੋ ਅਤੇ ਨਾਸਤਕਤਾ ਨੂੰ ਖ਼ੁਦ ਉਨਤ ਹੋਣ ਵਿਚ ਸਹਾਇਤਾ ਕਰਦੇ ਹੋ। ਹੁਣ ਜਦ ਧਰਮ ਪ੍ਰਮਾਰਥ ਦੇ ਬਰਖ਼ਿਲਾਫ਼ ਨੰਗੇ ਧੜ ਨੱਚ ਪਿਆ ਹੈ ਤਾਂ ਅਜੇ ਭੀ ਇਸ ਨੂੰ ਸਿੱਖ ਸਮਝਣਾ ਭਾਰੀ ਗ਼ਲਤੀ ਹੈ ਅਤੇ ਇਸ ਦੀ ਈਨ ਕਬੂਲਣੀ ਬੜੀ ਬੇਸਮਝੀ ਹੈ।

ਇਸ ਪ੍ਰੀਤ ਲੜੀ ਦੇ ਲਿਖਾਰੀ ਨੂੰ ਪ੍ਰੀਤ ਲੜੀ ਰਸਾਲੇ ਦੇ ਕਾਲਮ ਕਾਲਮ ਵਿਚ ਜਣੇ ਖਣੇ ਨੂੰ ਆਪਣਾ ਮੁਖ਼ਾਲਫ਼ ਗਰਦਾਨਣ ਦਾ ਮੇਨੀਆ ਚਿੰਮੜਿਆ ਹੋਇਆ ਹੈ। 'ਮੇਰਾ ਮੁਖ਼ਾਲਫ਼ ਇਉਂ ਕਹਿੰਦਾ ਹੈ, ਮੇਰਾ ਮੁਖ਼ਾਲਫ਼ ਇਉਂ ਵਿਸ਼ਵਾਸ ਰੱਖਦਾ ਹੈ', ਆਦਿਕ ਹਾਸ਼ੀਏ ਚਾੜ੍ਹ ਚਾੜ੍ਹ ਕਾਲਮ-ਅਰਾਈ ਕਰਦਾ ਹੈ। ਅਸਲੀਅਤ ਇਹ ਹੈ ਕਿ ਮੁਖ਼ਾਲਫ਼ਤ ਉਹ ਖ਼ੁਦ ਕਰਦਾ ਹੈ। ਮੁਖ਼ਾਲਫ਼ ਬਣਨ ਉਤੇ ਉਸ ਨੇ ਆਪ ਲੱਕ ਬੰਨ੍ਹਿਆ ਹੋਇਆ ਹੈ, ਜਿਹਾ ਕਿ ਲਿਖਦਾ ਹੈ—'ਮੇਰਾ ਮੁਖ਼ਾਲਫ਼ ਆਵਾ ਗਵਨ ਮੰਨਦਾ ਹੈ'। ਦੱਸੋ ਇਹ ਲਿਖਣਾ ਸਹੀ ਹੈ ਜਾਂ ਗ਼ਲਤ ? ਜਦ ਕਿ ਉਸ ਨੂੰ ਸਾਫ਼ ਮਲੂਮ ਹੈ ਕਿ ਆਵਾ ਗਵਨ ਦਾ ਮਸਲਾ ਉਸ ਦੀ ਹੋਂਦ ਤੋਂ ਯੁਗਾਂ ਪਰਯੰਤ ਪਹਿਲਾਂ ਦਾ ਪ੍ਰਚਲਤ ਹੈ। ਸੋਚੋ, ਉਹ ਏਸ ਮਸਲੇ ਦੀ ਮੁਖ਼ਾਲਫ਼ਤ ਕਰਦਾ ਹੈ ਕਿ ਮਸਲਾ ਉਸ ਦੀ ਮੁਖ਼ਾਲਫ਼ਤ

bsrstrust.org

ਕਰਦਾ ਹੈ ਯਾ ਮਸਲੇ ਦੇ ਹਾਦੀ ਉਸ ਦੀ ਮੁਖ਼ਾਲਫ਼ਤ ਕਰਦੇ ਹਨ। ਆਵਾ ਗਵਨ ਦਾ ਮਸਲਾ ਹਿੰਦੁਸਤਾਨ ਦੇ ਉਘੇ ਮੱਤਾਂ ਅੰਦਰ ਯੁਗਾਂ ਤੋਂ ਪ੍ਰਚੁਰ ਹੁੰਦਾ ਚਲਿਆ ਆਇਆ ਹੈ, ਪਰ ਪ੍ਰੀਤ ਲੜੀ ਦੇ ਲਿਖਾਰੀ ਨੇ ਹਿੰਦੁਸਤਾਨ ਵਿਚ ਜੰਮ ਪਲ ਕੇ, ਬਦੇਸ਼ੀਆਂ ਦੀ ਦਹਿਰੀਅਤ ਦਾ ਲੇਸ ਲਾ ਕੇ, ਏਸ ਮਸਲੇ ਦੀ ਮੁਖ਼ਾਲਫ਼ਤ ਕੀਤੀ ਤੇ ਨਾਸਤਕਤਾ ਪਸਾਰਨ ਲੱਗ ਪਿਆ। ਅਜੇ ਪੱਛਮ ਵਿਚ ਜੰਮੇ ਜਾਏ ਸਾਇੰਸਦਾਨਾਂ ਫ਼ਿਲਾਸੋਫ਼ਰਾਂ ਨੇ ਇਸ ਆਵਾ ਗਵਨ ਦੇ ਮਸਲੇ ਉਤੇ ਬੜੀ ਗੰਭੀਰਤਾ ਨਾਲ ਵਿਚਾਰ ਕੀਤੀ ਹੈ। ਅਨੇਕਾਂ ਨੇ ਇਸ ਮਸਲੇ ਨੂੰ ਕਬੂਲ ਕੀਤਾ। ਅਨੇਕਾਂ ਨੇ ਇਸ ਮਸਲੇ ਦੀ ਤਾਰੀਫ਼ ਕੀਤੀ, ਪਰ ਕਿਸੇ ਨੇ ਇਸ ਤਰ੍ਹਾਂ ਦੀ ਬੇਥੌਹੀ ਮੁਖ਼ਾਲਫ਼ਤ ਨਹੀਂ ਕੀਤੀ, ਜਿਸ ਤਰ੍ਹਾਂ ਕਿ ਇਸ ਨੇ ਕੀਤੀ ਹੈ।

ਹੁਣ ਏਸ ਨੂੰ ਸਾਰੇ ਹੀ ਆਵਾ ਗਉਣ ਦਾ ਮਸਲਾ ਮੰਨਣ ਵਾਲੇ ਆਪਣੇ ਮੁਖ਼ਾਲਫ਼ ਦਿੱਸਦੇ ਹਨ। ਮੁਖ਼ਾਲਫ਼ਤ ਦਾ ਬੀਜ ਤਾਂ ਆਪ ਖ਼ੁਦ ਬੀਜਦੇ ਹਨ ਤੇ ਦੱਸਦੇ ਦੂਸਰਿਆਂ ਨੂੰ ਮੁਖ਼ਾਲਫ਼ ਹਨ। ਜਾਪਾਨ ਦੀ ਉੱਨਤੀ ਦਾ ਹਵਾਲਾ ਦੇ ਕੇ ਜਿਸ ਬੁੱਧ ਮੱਤ ਦੀ ਇਸ ਨੇ ਤਾਰੀਫ਼ ਕੀਤੀ ਸੀ, ਆਵਾ ਗਉਣ ਦੇ ਮਸਲੇ ਨੂੰ ਤਾਂ ਉਹ ਭੀ ਮੰਨਦਾ ਹੈ, ਪਰੰਤੂ ਇਹ ਨਿਰਾ ਆਪਣੇ ਆਪ ਨੂੰ ਫ਼ਿਲਾਸਫ਼ਰ ਪ੍ਰਸਿੱਧ ਕਰਨ ਲਈ ਮੁਖ਼ਾਲਫ਼ਤ ਕਰਦਾ ਹੈ। ਜੇ ਇਹ ਆਵਾ ਗਉਣ ਦੇ ਮਸਲੇ ਨੂੰ ਨਹੀਂ ਮੰਨਦਾ ਤਾਂ ਨਾ ਮੰਨੇ, ਇਹ ਆਪਣੇ ਆਪ ਨੂੰ ਆਸਤਕ ਭੀ ਨਹੀਂ ਮੰਨਦਾ ਤਾਂ ਨਾ ਮੰਨੇ, ਇਹ ਜੋ ਚਾਹੇ ਸੋ ਬਣਿਆ ਰਹੇ, ਪਰ ਕੁਫ਼ਰ ਦਾ ਪਰਚਾਰ ਇਹ ਕਰਿਆ ਲੋੜਦਾ ਹੈ, ਇਸ ਦਾ ਉੱਤਰ ਮਿਲੇਗਾ ਤੇ ਮਿਲਦਾ ਰਹੇਗਾ, ਕਿਉਂਕਿ ਜੇ ਇਸ ਨੂੰ ਕੁਫ਼ਰ ਦੇ ਪਰਚਾਰ ਦਾ ਹੱਕ ਹੈ ਤਾਂ ਦੂਜਿਆਂ ਨੂੰ ਇਸ ਦੇ ਖੰਡਨ ਕਰਨ ਦਾ ਭੀ ਹੱਕ ਹੈ। ਇਹ ਕੁਫ਼ਰ ਦੀਆਂ ਸੁੱਤੀਆਂ ਕਲਾਂ ਜਗਾਉਂਦਾ ਹੈ, ਇਸ ਨੂੰ ਏਸ ਤੋਂ ਬਿਨਾਂ ਹੋਰ ਕੋਈ ਰੀਝ ਰੁਝੇਵਾਂ ਹੀ ਨਹੀਂ ਲੱਭਦਾ। ਏਸ ਦਾ ਕਰਤਬ ਪੰਜਾਬ ਦੇ ਨੌਜੁਆਨਾਂ ਨੂੰ ਆਪੋ ਆਪਣੇ ਧਰਮਾਂ ਤੋਂ, ਆਪੋ ਆਪਣੇ ਮਜ਼ਹਬੀ ਅਕੀਦਿਆਂ ਤੋਂ ਮੁਨਹਰਫ਼ ਕਰਨਾ ਹੈ ਅਤੇ ਪਰਮ ਪਰਸਿੱਧ ਧਾਰਮਕ ਸਿਧਾਂਤ ਉਤੇ ਅਤੇ ਧਾਰਮਕ ਅਸੂਲ ਦੇ ਹਾਦੀਆਂ, ਪੇਸ਼ਵਾਆਂ, ਪੈਰੋਕਾਰਾਂ ਉਤੇ ਨਿਝੱਕ ਹੋ ਕੇ ਕੁਤਰਕਾਂ ਕਰਨਾ ਭੀ ਏਸ ਦਾ ਸ਼ੇਵਾ ਹੋ ਗਿਆ ਹੈ। ਜੇ ਕੋਈ ਉਸ ਦੀ ਏਸ ਸੰਬੰਧ ਵਿਚ ਪੜਤਾਲ

bsrstrust.org

ਕਰੇ ਤਾਂ ਉਸ ਨੂੰ ਦੁਖ ਕਿਉਂ ਲਗੇ ? ਇਹ ਕਦੇ ਨਹੀਂ ਹੋ ਸਕਦਾ ਕਿ ਉਹ ਤਾਂ ਆਪਣੀ ਮੁਖ਼ਾਲਫ਼ਤ ਜਾਰੀ ਰਖੇ ਅਤੇ ਆਪਣੀ ਬੁਰਿਆਈ ਦਾ ਬੁਰਾ ਅਸਰ ਆਮ ਜਨਤਾ ਉਤੇ ਪਾਈ ਜਾਵੇ, ਪਰ ਉਸ ਦੀ ਸੋਧ-ਸੁਧਾਈ ਕੋਈ ਨਾ ਹੋਵੇ। ਉਹ ਆਪਣਾ ਯਕੀਨ ਆਵਾ-ਗਉਣ ਦੇ ਮਸਲੇ ਵਿਚ ਨਾ ਰਖੇ, ਉਸ ਨੂੰ ਕੋਈ ਜੁਰ ਨਹੀਂ ਕਰਦਾ, ਪਰ ਉਹ ਆਪਣੇ ਇਸ ਯਕੀਨ ਦੁਆਰਾ ਜੋ ਹੋਰਨਾਂ ਨੂੰ ਬੇਯਕੀਨੇ ਬਣਾਉਣ ਦੀ ਬੁਲ-ਹਵਸੀ ਵਿਚ ਪਿਆ ਹੋਇਆ ਹੈ, ਇਹ ਗੱਲ ਕਿਸੇ ਨਹੀਂ ਹੋਣ ਦੇਣੀ।

# ਰੱਬੀ ਮਿਹਰ, ਇਨਸਾਫ਼ ਤੇ ਪ੍ਰੀਤ ਲੜੀ

ਰੱਬ ਦੀ ਮਿਹਰ ਅਤੇ ਬਖ਼ਸ਼ਿਸ਼ ਉਤੇ ਸਾਰੇ ਮੱਤ, ਮਜ਼ਹਬ ਯਕੀਨ ਰੱਖਦੇ ਹਨ। ਸਾਰੇ ਮੱਤਾਂ ਦੇ ਬਾਨੀ ਰੱਬ ਦੀ ਮਿਹਰ ਅਤੇ ਬਖ਼ਸ਼ਿਸ਼ ਪਰ ਭਰੋਸਾ ਰੱਖਣ ਦਾ ਪਰਚਾਰ ਕਰ ਰਹੇ ਹਨ। ਪਰ ਪ੍ਰੀਤ ਲੜੀ ਰੱਬ ਦੀ ਮਿਹਰ ਅਤੇ ਬਖ਼ਸ਼ਿਸ਼ ਦੇ ਮਸਲੇ ਦੀ ਮੁਖ਼ਾਲਫ਼ਤ ਕਰਦੀ ਹੈ ਅਤੇ ਸਭ ਲੋਕਾਂ ਨੂੰ ਪ੍ਰੇਰਦੀ ਹੈ ਕਿ ਮਜ਼ਹਬੀ ਅਕੀਦਿਆਂ ਦੀ ਮੁਖ਼ਾਲਫ਼ਤ ਕਰਨਾ ਐਨ ਇਨਸਾਫ਼ ਹੈ, ਜੋ ਕਿ ਮਜ਼ਹਬੀ ਪੇਸ਼ਵਾਆਂ ਦੀ ਅਥਾਰਟੀ ਮੰਨਣ ਨੂੰ ਅਤੇ ਮਜ਼ਹਬੀ ਅਕੀਦਿਆਂ ਉਤੇ ਈਮਾਨ ਲਿਆਉਣ ਨੂੰ ਮੂਰਖਤਾ ਕਰਾਰ ਦਿੰਦੀ ਹੈ ਅਤੇ ਸਭ ਤੋਂ ਆਪਣੀ ਅਥਾਰਟੀ ਮੰਨਾਉਣ ਦੀਆਂ ਰੀਝਾਂ ਮੰਗਦੀ ਹੈ। ਆਪਣੀ ਨਵੀਨ ਨਾਸਤਕਤਾ ਦੀ ਲਹਿਰ ਚਲਾਉਣ ਨੂੰ ਏਹ ਹੱਕ-ਬਜਾਨਬ ਸਮਝਦੀ ਹੈ। ਕਿਸੇ ਦਲੀਲਬਾਜ਼ੀ ਨਾਲ, ਕਿਸੇ ਲਾਜਕ ਫ਼ਿਲਾਸਫ਼ੀ ਨਾਲ, ਕਿਸੇ ਇਨਸਾਫ਼ ਨਾਲ, ਇਹ ਮਜ਼ਹਬੀ ਮਸਲਿਆਂ ਦੀ ਤਰਦੀਦ ਨਹੀਂ ਕਰਦੀ, ਕੇਵਲ ਹੁੱਜਤਬਾਜ਼ੀ ਅਤੇ ਹਕਾਰਤ-ਆਮੇਜ਼ ਟਿਚਕਰਬਾਜ਼ੀ ਨਾਲ ਇਹ ਮਜ਼ਹਬੀ ਅਕੀਦਿਆਂ ਨੂੰ ਰੱਦ ਕਰਦੀ ਹੈ।

ਬੱਸ ਏਵੇਂ ਹੀ ਲਿਖੀ ਜਾਂਦੀ ਹੈ ਕਿ—"ਮੇਰਾ ਰੱਬ ਦੀ ਮੇਹਰ, ਬਖ਼ਸ਼ਸ਼ ਉਤੇ ਏਤਕਾਦ ਨਹੀਂ।" ਜੇ ਇਸ ਦਾ ਇਤਕਾਦ ਨਹੀਂ, ਤਾਂ ਕੋਈ ਆਖ਼ਰ ਆ ਚਲੀ ਹੈ ? ਏਅਤਕਾਦ ਵਾਲਿਓ ! ਤੁਸੀਂ ਇਸ ਦੀ ਬੇਇਤਕਾਦੀ ਤੋਂ ਕਿਉਂ ਮੁਅੱਸਰ ਹੁੰਦੇ ਹੋ ? ਇਸ ਨੂੰ ਕੋਈ ਨਵੀਂ ਵਹੀ ਨਾਜ਼ਲ ਨਹੀਂ ਹੋਈ, ਇਸ ਨੂੰ ਕੋਈ ਨਵੇਂ ਗਿਆਨ ਦਾ ਉਜਾਲਾ ਨਹੀਂ ਹੋਇਆ। ਇਸ ਦੀ ਮਨਤਕ ਬਹੁਤ ਥੋੜੇ ਪਾਣੀ


bsrstrust.org

ਵਿਚ ਹੀ ਹੈ। ਇਸ ਨੂੰ ਨਾਸਤਕਤਾ ਦਾ ਅਵਤਾਰ ਮੰਨ ਕੇ ਤੁਹਾਡਾ ਵਿਗਾੜ ਹੀ ਵਿਗਾੜ ਹੈ। ਸੰਵਾਰ ਕੁਛ ਨਹੀਂ, ਕਿਉਂਕਿ ਪ੍ਰੀਤ ਲੜੀ ਦੀ ਵੀਚਾਰ ਵਿਚ ਪ੍ਰਸਪਰ ਵਿਰੋਧੀ ਗੱਲਾਂ ਤੋਂ ਬਿਨਾਂ ਸਿਧਾਂਤ ਕੁਛ ਨਹੀਂ ਹੁੰਦਾ।

ਪ੍ਰੀਤ ਲੜੀ ਦਾ ਲੇਖਕ ਕਹਿੰਦਾ ਹੈ ਕਿ "ਮੈਂ ਰੱਬ ਤੇ ਇਨਸਾਫ਼ ਦਾ ਕਾਇਲ ਹਾਂ।" ਤਾਂ ਉਸ ਦੀ ਬੇਇਨਸਾਫ਼ੀ ਦਾ ਕੌਣ ਕਾਇਲ ਹੈ ? ਕੋਈ ਭੀ ਨਹੀਂ। ਸਭੇ ਮਜ਼ਹਬ ਰੱਬ ਦੇ ਇਨਸਾਫ਼ ਦੇ ਪ੍ਰਚਾਰਕ ਹਨ, ਫੇਰ ਪ੍ਰੀਤ ਲੜੀ ਦੇ ਲੇਖਕ ਨੂੰ ਵਿਰੋਧਤਾ ਅਤੇ ਮੁਖ਼ਾਲਫ਼ਤ ਕਿਉਂ ਭਾਸਦੀ ਹੈ ? ਪ੍ਰੀਤ ਲੜੀ ਦਾ ਲਿਖਾਰੀ ਅਮਲਾਂ ਉਤੇ ਮਾਣ ਰੱਖ ਕੇ ਰੱਬ ਕੋਲੋਂ ਇਨਸਾਫ਼ ਦਾ ਦਾਅਵੇਦਾਰ ਬਣਦਾ ਹੈ ਅਤੇ ਕਹਿੰਦਾ ਹੈ, "ਕਰਮ ਬਖ਼ਸ਼ਸ਼ ਕੋਈ ਨਹੀਂ। ਮੇਰੇ ਅਮਲ ਮੈਨੂੰ ਅਵੱਸ਼ ਇਨਸਾਫ਼ ਦੁਆਣਗੇ", ਇਹ ਦਾਅਵਾ ਬੰਨ੍ਹਦਾ ਹੈ। ਰੱਬ ਨੂੰ ਉਹ ਅਮਲਾਂ ਵਿਚ ਫਲ ਦੇਣ ਵਾਲਾ ਅਤੇ ਅਮਲਾਂ ਦਾ ਨਿਬੇੜਾ ਕਰਨ ਵਾਲਾ ਵਾਸਤਵ ਵਿਚ ਨਹੀਂ ਮੰਨਦਾ, ਐਵੇਂ ਉਪਰੋਂ ਉਪਰੋਂ ਹੀ ਮੰਨਦਾ ਹੈ। ਜੇ ਮੰਨੇ ਤਾਂ ਖੋਟੇ ਅਮਲਾਂ ਵਾਲਿਆਂ ਨੂੰ ਖੁਟਿਆਈ ਦੀ ਸਜ਼ਾ ਮਿਲਣ ਉਤੇ ਕਿਉਂ ਘਬਰਾਉਂਦਾ ਹੈ ? ਸਜ਼ਾ ਦੇਣ ਵਾਲਾ ਰੱਬ ਉਸ ਨੂੰ ਮੁਨਸਫ਼ ਮੰਨਣਾ ਮਨਜ਼ੂਰ ਨਹੀਂ, ਬੁਰੇ ਭਲੇ ਅਮਲਾਂ ਉਤੇ ਨਿਰਪੱਖ ਰਹਿਣ ਵਾਲਾ ਰੱਬ ਉਸ ਨੂੰ ਇਨਸਾਫ਼ ਵਾਲਾ ਰੱਬ ਪ੍ਰਤੀਤ ਹੁੰਦਾ ਹੈ। ਦਰ-ਹਕੀਕਤ ਵਿਚੋਂ ਗੱਲ ਇਹ ਹੈ ਕਿ ਉਹ ਰੱਬ ਕੋਲੋਂ ਇਨਸਾਫ਼ ਭੀ ਨਹੀਂ ਮੰਗਦਾ। ਇਨਸਾਫ਼-ਦਿਹਿੰਦਾ ਰੱਬ ਉਸ ਦੇ ਅਕੀਦੇ ਵਿਚ ਹੈ.ਹੀ ਕੋਈ ਨਹੀਂ। ਉਹ ਤਾਂ ਮੁਨਸਫ਼ ਰੱਬ ਨੂੰ ਭੀ ਭੰਡਦਾ ਹੈ। ਜਦੋਂ ਉਹ ਰੱਬ ਨੂੰ ਬੰਦਿਆਂ ਦੇ ਅਮਲਾਂ ਦਾ ਫਲ-ਪਰਦਾਤਾ ਹੀ ਨਹੀਂ ਮੰਨਦਾ, ਜਦੋਂ ਉਹ ਬੁਰੇ ਭਲੇ ਅਮਲਾਂ ਦਾ ਨਿਬੇੜਾ ਕਰਨਹਾਰੀ ਕਿਸੇ ਹਸਤੀ ਨੂੰ ਨਹੀਂ ਮੰਨਦਾ ਤਾਂ ਉਸ ਦਾ ਰੱਬ ਦੇ ਇਨਸਾਫ਼ੀ ਹੋਣ ਦਾ ਆਪਣੇ ਆਪ ਨੂੰ ਕਾਇਲ ਆਖਣਾ ਕੀ ਅਰਥ ਰੱਖਦਾ ਹੈ ? ਤੇ ਐਵੇਂ ਹੀ ਲਿਖਦਾ ਹੈ ਕਿ "ਮੈਂ ਅਮਲਾਂ ਨਾਲ ਇਨਸਾਫ਼ ਆਪਣੇ ਪਾਸੇ ਰੱਖਣ ਦਾ ਭਰੋਸਾ ਰੱਖਦਾ ਹਾਂ।" ਜੇ ਆਪਣੇ ਆਪ ਹੀ ਇਨਸਾਫ਼ ਨੂੰ ਆਪਣੇ ਪਾਸੇ ਰੱਖ ਲੈਣਾ ਹੈ ਤਾਂ ਰੱਬ ਦੇ ਇਨਸਾਫ਼ ਤੇ ਭਰੋਸਾ ਕੀ ਹੋਇਆ ? ਰੱਬ ਦੇ ਇਨਸਾਫ਼ ਤੇ ਭਰੋਸਾ ਰੱਖਣਾ ਹੀ ਰੱਬ ਦੀ ਰਹਿਮਤ ਦਾ ਸੂਚਕ ਹੈ, ਏਸ ਕਰਕੇ ਓਹ ਸਾਫ਼ ਤੌਰ ਤੇ ਰੱਬ ਦਾ ਇਨਸਾਫ਼ ਭੀ ਨਹੀਂ ਮੰਨਦਾ, ਐਵੇਂ ਓਪਰੀਆਂ ਗੱਲਾਂ ਹੀ ਕਰਦਾ ਹੈ।

bsrstrust.org

ਫਿਰ ਉਹ ਲਿਖਦਾ ਹੈ ਕਿ—"ਮੈਂ ਮੌਤ ਵਿਚ ਹੀ ਆਪਣੀ ਪੂਰਨਤਾ ਦਾ ਖ਼ਿਆਲ ਕਰਦਾ ਹਾਂ।" ਮੌਤ ਵਿਚ ਪੂਰਨਤਾ ਦਾ ਖ਼ਿਆਲ ਕਰਨਾ ਕੋਈ ਲਾਭਦਾਇਕ ਨਹੀਂ, ਮਰਨ ਨਾਲ ਮੁਕਤੀ ਕਦੇ ਨਹੀਂ ਮਿਲਦੀ। ਭਾਵ ਉਸ ਦਾ ਇਹ ਹੈ ਕਿ ਆਦਮੀ ਮੌਤ ਨਾਲ ਹੀ ਮੁਕ ਜਾਂਦਾ ਹੈ। ਮੌਤ ਤੋਂ ਅਗਾਹਾਂ ਕੋਈ ਜੀਵਨ ਨਹੀਂ ਅਤੇ ਅਗਲਾ ਜੀਵਨ ਓਹ ਮੰਨਦਾ ਹੀ ਨਹੀਂ, ਸਭ ਕੁਝ ਮੌਤ ਨਾਲ ਹੀ ਮੁਕ ਜਾਂਦਾ ਹੈ। ਉਸ ਦਾ ਇਹ ਕਥਨ ਨਿਰੋਲ ਨਾਸਤਕਤਾ ਦਾ ਵਾਚਕ ਹੈ। ਜਦੋਂ ਅਗਾਹਾਂ ਕੁਛ ਨਹੀਂ ਤਾਂ ਅਗਾਹਾਂ ਇਨਸਾਫ਼ ਕਰਨ ਵਾਲਾ ਭੀ ਉਸ ਦੇ ਅਕੀਦੇ ਅੰਦਰ ਕੁਛ ਨਹੀਂ, ਇਨਸਾਫ਼ ਦੇ ਨਿਬੇੜੇ ਐਥੇ ਹੀ ਹਨ, ਕਰਮਾਂ ਅਨੁਸਾਰ ਆਪੇ ਹੋਣਗੇ। ਕਾਲ ਅਕਾਲ ਏਸ ਦੇ ਭਾ ਦੇ ਦੋ ਵਾਧੂ ਹਊਏ ਹਨ। ਮੌਤ ਅਵੱਸ਼ ਆਉਣੀ ਹੈ। ਡਰ ਉਹਨਾਂ ਨੂੰ ਤੌਖਲੇ ਪਾਉਂਦਾ ਹੈ, ਜਿਨ੍ਹਾਂ ਨੂੰ ਕਿ ਮੌਤ ਨੇ ਐਥੇ ਹੀ ਮੁਕਾ ਦੇਣਾ ਹੈ। ਮੌਤ ਉਨ੍ਹਾਂ ਦੀ ਅੰਤਮ ਤਸੱਲੀ ਨਹੀਂ, ਇਹ ਐਵੇਂ ਫੋਕੀਆਂ ਟਾਹਰਾਂ ਹਨ।

## ਪ੍ਰੀਤ ਲੜੀ ਦੀਆਂ ਆਪ-ਖੰਡਣੀਆਂ ਦਲੀਲਾਂ

ਜਿਹੜੇ ਧਰਮ ਮਜ਼ਹਬਾਂ ਦੇ ਪੈਰੋਕਾਰ ਲੋਕ ਨਬੀ ਅਵਤਾਰਾਂ ਨੂੰ ਸਰਬ ਕਲਾ ਸੰਪੂਰਨ ਹਸਤੀਆਂ ਮੰਨਦੇ ਹਨ ਅਤੇ ਦੁਨੀਆ ਦੇ ਸੁਧਾਰ ਲਈ ਉਚੇਚੇ ਰੱਬ ਵਲੋਂ ਭੇਜੇ ਹੋਏ ਮੰਨਦੇ ਹਨ, ਉਹਨਾਂ ਨੂੰ ਪ੍ਰੀਤ ਲੜੀ ਦਾ ਸੰਪਾਦਕ ਆਪਣੇ ਮੁਖ਼ਾਲਫ਼ ਕਰਕੇ ਲਿਖਦਾ ਹੈ। ਮੁਖ਼ਾਲਫ਼ਤ ਤਾਂ ਉਹ ਆਪ ਕਰਦਾ ਹੈ ਅਤੇ ਮੁਖ਼ਾਲਫ਼ਤ ਭੀ ਉਸ ਦੀ ਧਾਰਮਕ ਅਸੂਲਾਂ ਪ੍ਰਥਾਇ ਹੈ। ਏਸ ਵਿਰੋਧਤਾ ਦੇ ਅਸਰ ਤੋਂ ਜਨਤਾ ਨੂੰ ਬਚਾਉਣ ਲਈ ਕਈ ਇਸ ਦੀ ਸੋਧਨਾ ਕਰਦੇ ਹਨ। ਉਨ੍ਹਾਂ ਨੂੰ ਇਹ ਆਪਣੀ ਕਸਰ ਨਫ਼ਸੀ ਕਰਕੇ, ਆਪਣੇ ਮੁਖ਼ਾਲਫ਼ ਸਮਝ ਕੇ, ਉਨ੍ਹਾਂ ਦੀ ਮੁਖ਼ਾਲਫ਼ਤ ਦਾ ਤਾਂ ਸ਼ਿਕਵਾ ਕਰਦਾ ਹੈ, ਪਰ ਆਪ ਜੋ ਉਨ੍ਹਾਂ ਦੀ ਮੁਖ਼ਾਲਫ਼ਤ ਖ਼ੁਦ ਕਰਦਾ ਹੈ, ਉਸ ਮੁਖ਼ਾਲਫ਼ਤ ਨੂੰ ਇਹ ਹੱਕ ਬਜਾਨਬ ਸਮਝਦਾ ਹੈ ਅਤੇ ਆਪਣੇ ਰਸਾਲੇ ਦੇ ਗਾਹਕਾਂ ਦੀ ਜੀਊਰੀ ਅਗੇ ਜੋਦੜੀਆਂ ਕਰਦਾ ਹੈ ਕਿ ਜੀਊਰੀ ਹਰੇਕ ਹਰਕਤ ਨੂੰ ਹੱਕ ਬਜਾਨਬ ਕਰਾਰ ਦੇਵੇ, ਪਰ ਇਸ ਤਰ੍ਹਾਂ ਅਸਲੀਅਤ ਛੁਪ ਨਹੀਂ ਸਕਦੀ। ਜੁਲਾਈ ਦੇ ਰਸਾਲੇ ਵਿਚ ਉਹ ਆਪੇ ਹੀ ਲਿਖਦਾ ਹੈ ਕਿ "ਮੈਂ ਕਦੇ ਨਹੀਂ ਆਖਿਆ ਕਿ ਗੁਰੂ ਸਾਹਿਬ ਭੁੱਲਾਂ ਕਰਦੇ

bsrstrust.org

ਹਨ।" ਚਾਹੇ ਓਸੇ ਰਸਾਲੇ ਵਿਚ ਹੀ ਆਪਣੇ ਏਸ ਕਥਨ ਦੀ ਆਪੇ ਹੀ ਵਿਰੋਧਤਾ (ਖੰਡਨ) ਕਰ ਦਿਤੀ ਹੈ। ਹੁਣ ਸਤੰਬਰ ਦੇ ਰਸਾਲੇ ਵਿਚ ਭੀ ਸਾਫ਼ ਲਿਖਿਆ ਹੈ ਕਿ "ਮੈਨੂੰ ਏਨ੍ਹਾਂ ਹਸਤੀਆਂ ਨੂੰ ਅਭੁੱਲ ਮੰਨਣ ਦੀ ਕੋਈ ਲੋੜ ਨਹੀਂ ਭਾਸਦੀ।" ਜਦ ਉਹ ਸਾਫ਼ ਲਿਖਦਾ ਹੈ ਕਿ "ਉਹਨਾਂ ਦੇ ਸਾਰੇ ਉਪਦੇਸ਼ਾਂ ਨਾਲ ਮੇਰੀ ਪੂਰੀ ਸੰਮਤੀ ਭੀ ਨਹੀਂ" ਤਾਂ ਉਸਦਾ ਇਹ ਲਿਖਣਾ—"ਤਾਂ ਭੀ ਮੈਂ ਉਨ੍ਹਾਂ ਨੂਰਾਨੀ ਹਸਤੀਆਂ ਦੇ ਨੂਰ ਤੋਂ ਫ਼ੈਜ਼ਯਾਬ ਕਈਆਂ ਨਾਲੋਂ ਬਹੁਤਾ ਹੋਇਆ ਹਾਂ" ਇਹ ਨਿਰੀ ਕਪੋਲ-ਕਲਪਨਾ ਹੈ। ਜਦ ਉਹ ਉਨ੍ਹਾਂ ਦੇ ਤੱਤ ਉਪਦੇਸ਼ ਅਤੇ ਬੁਨਿਆਦੀ ਅਸੂਲਾਂ ਦਾ ਹੀ ਕਾਇਲ ਨਹੀਂ ਤਾਂ ਉਹ ਫ਼ੈਜ਼ਯਾਬ ਕੀ ਹੋ ਸਕਦਾ ਹੈ ? ਉਹ ਅਨੇਕ ਵਾਰ ਆਪਣੀਆਂ ਲਿਖਤਾਂ ਵਿਚ ਸਾਫ਼ ਲਿਖਦਾ ਹੈ ਕਿ ਧਾਰਮਕ ਗ੍ਰੰਥਾਂ ਵਿਚ ਪ੍ਰਤਿਪਾਦਨ ਕੀਤੇ ਧਾਰਮਕ ਪੇਸ਼ਵਾਵਾਂ ਦੇ ਅਸੂਲ ਜਨਤਾ ਨੂੰ ਅਉਝੜ ਪਾਉਣ ਵਾਲੇ ਹਨ। ਜਦੋਂ ਉਹ ਨੂਰ ਦੇ ਚਸ਼ਮੇ ਰੱਬ ਨੂੰ ਹੀ ਨਹੀਂ ਮੰਨਦਾ, ਜਦੋਂ ਉਹ ਇਸ ਨੂਰ-ਚਸ਼ਮੇ ਤੋਂ ਸੈਰਾਬ ਕਰਨਹਾਰੀਆਂ ਹਸਤੀਆਂ ਦੇ ਨੂਰ-ਕ੍ਰਿਸ਼ਮੇ ਤੋਂ ਹੀ ਮੁਨਕਰ ਹੈ, ਤਦ ਉਸ ਦਾ ਇਹ ਲਿਖਣਾ ਕਿ ਉਹ ਨੂਰਾਨੀ ਹਸਤੀਆਂ ਦੇ ਨੂਰ ਤੋਂ ਫ਼ੈਜ਼ਯਾਬ ਹੋਇਆ ਹੈ, ਸਿਰਫ਼ ਲੋਕਾਂ ਨੂੰ ਟਪਲੇ ਵਿਚ ਪਾਉਣ ਵਾਲੀ ਗੱਲ ਹੈ। ਜਦ ਉਸ ਦਾ ਆਪਣੇ ਰਸਾਲੇ ਦੇ ਕਾਲਮਾਂ ਵਿਚ ਸ਼ੇਵਾ ਹੀ ਗੁਰੂ ਪੈਗ਼ੰਬਰ ਦੇ ਬਰਖ਼ਿਲਾਫ਼ ਲਿਖਣਾ ਹੈ ਤਦ ਉਸ ਦਾ ਇਹ ਟਪਲਾ ਦੇਣਾ ਤੇ ਲਿਖਣਾ—"ਉਨ੍ਹਾਂ ਲਈ ਅਦਬ ਤੇ ਸਤਿਕਾਰ ਕਿਸੇ ਨਾਲੋਂ ਘੱਟ ਨਹੀਂ" ਨਿਰੀ ਵਾਧੂ ਤੇ ਓਪਰੀ ਗੱਲ ਹੈ। ਜਦ ਉਸ ਦੀਆਂ ਲਿਖਤਾਂ ਵਿਚੋਂ ਉਸ ਦਾ ਮਨ ਇਹ ਜ਼ਾਹਰ ਕਰਦਾ ਹੈ ਕਿ ਉਸ ਦਾ ਗੁਰੂ ਪਰ ਪੂਰਨ ਨਿਸਚਾ ਨਹੀਂ ਤਾਂ ਉਸ ਦੀਆਂ ਅਦਬ ਸਤਿਕਾਰ ਤੇ ਫ਼ੈਜ਼ਯਾਬ ਹੋਣ ਵਾਲੀਆਂ ਗੱਲਾਂ ਐਵੇਂ ਅਨਜਾਣ ਜਗਿਆਸੂਆਂ ਨੂੰ ਪਤਿਆਉਣ ਦੀਆਂ ਗੱਲਾਂ ਹਨ। ਫੇਰ ਉਸ ਦਾ ਇਹ ਲਿਖਣਾ ਕਿ "ਉਨ੍ਹਾਂ ਨੂੰ ਨੇਕੀ ਦੀਆਂ ਮੁਜੱਸਮ ਤਸਵੀਰਾਂ ਸਮਝਦਾ ਹੈ" ਬਿਲਕੁਲ ਗ਼ਲਤ ਹੈ। ਐਵੇਂ ਮੂੰਹ-ਜ਼ਬਾਨੀ ਮੂੰਹ-ਰੱਖਣੀਆਂ ਗੱਲਾਂ ਹਨ। ਜੇ ਓਹ ਉਨ੍ਹਾਂ ਨੂੰ ਨੇਕੀ ਦੀਆਂ ਮੁਜੱਸਮ ਤਸਵੀਰਾਂ ਸਮਝੇ ਤਾਂ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਨਾ ਚਲੇ ? ਭਲਾ ਜੇ ਚੱਲ ਨਾ ਸਕੇ ਤਾਂ ਘੱਟ ਤੋਂ ਘੱਟ ਉਨ੍ਹਾਂ ਦੀ ਹਿਜੋ ਤਾਂ ਨਾ ਕਰੇ। ਜਦ ਉਹ ਹਰੇਕ ਮੱਤ ਮਜ਼ਹਬ ਦਾ, ਅਤੇ ਹਰੇਕ ਮਜ਼ਹਬ ਦੇ ਪੈਰੋਕਾਰਾਂ ਅਤੇ ਸਭ ਮਜ਼ਹਬਾਂ ਦੇ ਧਾਰਮਕ ਅਸੂਲ

bsrstrust.org

ਮੰਨਣਹਾਰਿਆਂ ਦਾ ਕਟੜ ਵਿਰੋਧੀ ਹੈ (ਜੈਸਾ ਕਿ ਉਹ ਆਪਣੀਆਂ ਲਿਖਤਾਂ ਵਿਚ ਸਾਬਤ ਕਰ ਚੁੱਕਾ ਹੈ) ਅਤੇ ਹਿੰਦੁਸਤਾਨ ਦੇ ਹਰੇਕ ਸੂਬੇ ਵਿਚ ਅਤੇ ਹਰੇਕ ਸੂਬੇ ਦੇ ਸ਼ਹਿਰ ਸ਼ਹਿਰ ਵਿਚ ਅਤੇ ਹਰੇਕ ਸ਼ਹਿਰ ਦੇ ਮਹੱਲੇ ਮਹੱਲੇ ਵਿਚ ਧਾਰਮਕ ਏਅਤਕਾਦਾਂ ਵਾਲੇ ਪੁਰਸ਼ ਵਸਦੇ ਹਨ, ਜਿਨ੍ਹਾਂ ਦੇ ਹਿਰਦਿਆਂ ਨੂੰ ਆਪਣੀਆਂ ਲਿਖਤਾਂ ਲਿਖ ਲਿਖ ਕੇ ਠੇਸ ਪਹੁੰਚਾਈ ਹੈ ਤਾਂ ਉਹ ਇਹ ਫ਼ਖ਼ਰ ਕਿਵੇਂ ਕਰ ਸਕਦਾ ਹੈ ਕਿ ਮੈਂ ਚੰਗੀ ਸ਼ਹਿਰਦਾਰੀ ਦਾ ਔਖੇ ਤੋਂ ਔਖਾ ਡਿਸਿਪਲਿਨ ਪੂਰਾ ਕਰਨਾ ਭੀ ਆਪਣਾ ਮੁੱਖ ਫ਼ਰਜ਼ ਸਮਝਦਾ ਹਾਂ। ਫ਼ਰਜ਼ ਸਮਝਦਾ ਹੀ ਹੈ, ਪਰ ਕਦੇ ਫ਼ਰਜ਼ ਅਦਾਅ ਭੀ ਕੀਤਾ ਹੈ ! ਏਸ ਡਿਸਿਪਲਿਨ ਦੇ ਵਾਰੇ ਵਾਰੇ ਜਾਈਏ, ਜਿਸ ਨੇ ਕਿ ਆਪਣੇ ਸਾਰੇ ਮਜ਼ਹਬੀ ਦੁਨੀਆ ਦੇ ਹਮ-ਸ਼ਹਿਰੀਆਂ ਨੂੰ ਖੇਦ ਪਹੁੰਚਾ ਕੇ ਮੁਖ਼ਾਲਫ਼ ਬਣਾ ਲਿਆ ਹੈ। ਸਿਵਾਏ ਨਾਸਤਕਾਂ ਤੋਂ ਹੋਰ ਕੋਈ ਭੀ ਏਸ ਡਿਸਿਪਲਿਨ ਦਾ ਕਾਇਲ ਨਹੀਂ ਹੋ ਸਕਦਾ।

ਜਦੋਂ ਉਹ ਆਪਣੀ ਕਲਮ ਨਾਲ ਲਿਖਦਾ ਹੈ ਕਿ "ਮੈਂ ਕਦੇ ਝੂਠ ਜਾਂ ਬਦ-ਦਿਆਨਤੀ ਜਾਂ ਛੋਟੀ ਤੋਂ ਛੋਟੀ ਬਦਇਖ਼ਲਾਕੀ ਦੀ ਭੀ ਆਪਣੇ ਆਪ ਨੂੰ ਇਜਾਜ਼ਤ ਨਹੀਂ ਦੇ ਸਕਦਾ" ਤਾਂ ਆਪਣੇ ਮੂੰਹੋਂ ਆਪਣੇ ਆਪ ਨੂੰ ਏਨ੍ਹਾਂ ਭੁੱਲਾਂ ਤੋਂ ਉੱਕਾ ਹੀ ਅਭੁੱਲ ਸਿੱਧ ਕਰਦਾ ਹੈ, ਪਰ ਜਿਹੜਾ ਪੁਰਸ਼ ਗੁਰੂਆਂ, ਅਵਤਾਰਾਂ, ਪੀਰਾਂ ਅਤੇ ਮਹਾਤਮਾਵਾਂ ਨੂੰ ਤਾਂ ਭੁੱਲਣਹਾਰ ਸਿੱਧ ਕਰੇ ਅਤੇ ਕਦੇ ਅਭੁੱਲ ਨਾ ਮੰਨੇ, ਪਰੰਤੂ ਆਪਣੇ ਆਪ ਨੂੰ ਛੋਟੀ ਤੋਂ ਛੋਟੀ ਬਦ-ਇਖ਼ਲਾਕੀ ਤੋਂ ਵੀ ਪਾਕ ਅਤੇ ਬੇਦਾਗੀ ਜਤਲਾਵੇ, ਉਸ ਆਦਮੀ ਜੈਸਾ ਹਮਾਕਤੀ ਕੌਣ ਹੋ ਸਕਦਾ ਹੈ। ਉਹ ਲਿਖਦਾ ਹੈ—"ਮੈਂ ਆਪਣੇ ਮੁਖ਼ਾਲਫ਼ ਦਾ ਬੜਾ ਚੰਗਾ ਗੁਆਂਢੀ ਬਣਨ ਵਿਚ ਫ਼ਖ਼ਰ ਸਮਝਦਾ ਹਾਂ।" ਫ਼ਖ਼ਰ ਹੀ ਸਮਝਦਾ ਹੈ, ਪਰ ਬਣਦਾ ਨਹੀਂ। ਜੇ ਚੰਗਾ ਗੁਆਂਢੀ ਬਣੇ ਤਾਂ ਆਪਣੇ ਗੁਆਂਢੀ ਨੂੰ ਮੁਖ਼ਾਲਫ਼ ਕਿਉਂ ਸਮਝੇ ? ਅਤੇ ਕਿਉਂ ਉਸ ਦੀ ਮੁਖ਼ਾਲਫ਼ਤ ਕਰੇ ?

ਬਦਲਾ-ਲਊ ਪਾਲਿਸੀ ਤਾਂ ਪ੍ਰੀਤ ਲੜੀ ਦੇ ਸਾਰੇ ਜੁਲਾਈ ਦੇ ਰਸਾਲੇ ਦੀ ਲਿਖਤ ਤੋਂ ਸਾਬਤ ਹੈ, ਫੇਰ ਉਹ ਕਿਵੇਂ ਕਹਿ ਸਕਦਾ ਹੈ ਕਿ ਮੈਂ ਆਪਣੇ ਮੁਖ਼ਾਲਫ਼ ਗੁਆਂਢੀ ਤੋਂ ਕਦੇ ਬਦਲਾ ਨਹੀਂ ਲਿਆ।


bsrstrust.org

# ਪ੍ਰੀਤ ਲੜੀ ਦੀ ਲੋਕ-ਜੀਊਰੀ ਅਗੇ ਕੀਤੀ ਅਪੀਲ ਦੀ ਪੜਤਾਲ

ਜੇ ਉਹ ਸੱਚ ਮੁੱਚ ਹੀ ਏਅਤਕਾਦਾਂ ਨੂੰ ਹਰ ਕਿਸੇ ਦਾ ਨਿੱਜੀ ਸਰੋਕਾਰ ਸਮਝਦਾ ਹੈ ਤਾਂ ਆਪਣੇ ਗੁਆਂਢੀਆਂ ਦੇ ਏਅਤਕਾਦਾਂ ਦੀ ਵਿਰੋਧਤਾ ਕਰਨ ਦੀ ਕੀ ਲੋੜ ਹੈ ? ਉਸ ਨੇ ਤਾਂ ਦੂਜਿਆਂ ਦੇ ਏਅਤਕਾਦਾਂ ਦਾ ਖੰਡਨ ਕਰਨਾ ਹੀ ਮੁੱਖ ਮੰਤਵ ਬਣਾਇਆ ਹੋਇਆ ਹੈ। ਫੇਰ ਆਪਣੀ ਮਨ-ਘੜਤ ਮਾਨ ਯੋਗ ਲੋਕ-ਜੀਊਰੀ ਅਗੇ ਇਹ ਅਪੀਲ ਕੀਤੀ ਹੈ : "ਮਾਨ ਯੋਗ ਜੀਊਰੀ ਜੀਓ ! ਪਿਆਰ ਮੇਰੀ ਆਤਮਾ ਦਾ ਵੱਡਾ ਭੁਕਾ ਹੈ। ਮੈਂ ਆਪਣੇ ਗੁਆਂਢੀ ਦੀਆਂ ਅੱਖਾਂ ਵਿਚ ਆਪਣੇ ਪਿਆਰ ਦਾ ਅਕਸ ਵੇਖਣਾ ਚਾਹੁੰਦਾ ਹਾਂ।" ਕੀ ਪਿਆਰ ਦਾ ਅਕਸ ਵੇਖਣ ਲਈ ਇਹੋ ਚੰਗਾ ਸਾਧਨ ਹੈ ਕਿ ਦੂਜਿਆਂ ਦੇ ਏਅਤਕਾਦਾਂ ਪਰ ਵਾਰ ਕਰ ਕੇ ਉਨ੍ਹਾਂ ਦੇ ਹਿਰਦਿਆਂ ਨੂੰ ਠੇਸ ਲਾਈ ਜਾਏ ਅਤੇ ਉਨ੍ਹਾਂ ਦੇ ਬਜ਼ੁਰਗਾਂ ਪਰ ਮਨ-ਮੰਨੀ ਅਯੋਗ ਨੁਕਤਾਚੀਨੀ ਕੀਤੀ ਜਾਏ ?

ਜਦੋਂ ਲਿਖਾਰੀ ਦੇ ਮਜ਼ਹਬੀਅਤ ਦੇ ਮੁਤਅੱਸਬੀ ਮੋਅਜਜ਼ੇ ਨੇ ਸਭ ਗੁਆਂਢੀਆਂ ਦੇ ਅੰਦਰਖ਼ਾਨਿਆਂ ਵਿਚ ਪਹਾੜ ਜੇਡੇ ਪਾੜੇ ਪਾ ਦਿਤੇ, ਹੁਣ ਉਸ ਦਾ ਇਹ ਸ਼ਿਕਵਾ ਸ਼ਿਕਾਇਤ ਕਰਨਾ ਕੀ ਅਰਥ ਰੱਖਦਾ ਹੈ ਕਿ "ਮਜ਼ਹਬੀ ਜ਼ਹਿਨੀਅਤ ਨੇ ਮੇਰੇ ਤੇ ਮੇਰੇ ਗੁਆਂਢੀ ਵਿਚਾਲੇ ਕਈ ਪੱਥਰਾਂ ਦੇ ਬੁੱਤ ਖੜੇ ਕਰ ਰਖੇ ਹਨ।" ਲਿਖਾਰੀ ਦੀ ਮਜ਼ਹਬ ਮੁਤਅੱਸਬੀ ਜ਼ਹਿਨੀਅਤ ਨੇ ਹੀ ਇਹ ਸਾਰੇ ਪੁਆੜੇ ਪਾਏ ਹਨ। ਨਾਲੇ ਛੇੜ ਛੇੜ ਬੈਠੇ, ਨਾਲੇ ਹੁਣ ਪਿਛਾਹਾਂ ਨੂੰ ਭੱਜਦੇ ਹਨ ਅਤੇ ਆਪਣੀ ਮਾਨ ਯੋਗ ਜੀਊਰੀ ਉਤੇ ਖ਼ਾਹ ਮਖ਼ਾਹ ਅਪੀਲ ਦਾ ਭਾਰ ਪਾਉਂਦੇ ਹਨ। ਛੇੜ ਤਾਂ ਆਪ ਛੇੜੇ ਹਨ, ਨਾ ਕਿ ਮਜ਼ਹਬੀ ਜ਼ਹਿਨੀਅਤ ਨੇ। ਮਜ਼ਹਬੀ ਜ਼ਹਿਨੀਅਤ ਤਾਂ ਹੋਰ ਮਜ਼ਹਬ-ਧਾਰਨੀ ਗੁਆਂਢੀ ਭਰਾਵਾਂ ਦੇ ਜ਼ਿਹਨਾਂ ਵਿਚ ਟਿਕੀ ਬੈਠੀ ਸੀ, ਛੇੜਖ਼ਾਨੀ ਕੀਤੀ ਤਾਂ ਲਿਖਾਰੀ ਨੇ। ਹੁਣ ਜਦੋਂ ਲਿਖਾਰੀ ਨੇ ਤਅੱਸਬ ਦੇ ਚਿੰਗਾੜੇ ਛੱਡ ਛੱਡ ਕੇ ਗੁਆਂਢੀਆਂ ਦੇ ਦਿਲਾਂ ਅੰਦਰੋਂ ਉਹ ਜ਼ਹਿਨੀਅਤ ਭੜਕਾਈ ਤਾਂ ਉਸ ਨੂੰ ਭੀ ਸੇਕ ਲੱਗਣ ਲੱਗ ਪਿਆ। ਚੁਆਤੀ ਲਾਉਣ ਲਗਿਆਂ ਤਾਂ ਬਸੰਤਰ ਦੇਵਤਾ ਭਾਸਦਾ ਸੀ, ਹੁਣ ਆਪ ਭੌਂਦੂ ਗੁਆਂਢੀ ਭਾਲਦੇ ਹਨ ਅਤੇ ਆਪਣੀ ਜੀਊਰੀ ਦੇ ਅੱਖੀਂ

ਘੱਟਾ ਪਾ ਕੇ ਉਨ੍ਹਾਂ ਭੌਂਦੂਆਂ ਨੂੰ ਕੂੜਾਵੇ ਤੇ ਫੋਕੇ ਪਿਆਰ ਦੀ ਲੋਰੀ ਦੇ ਕੇ ਭਰਮਾਉਣਾ ਲੋਚਦੇ ਹਨ। ਇਹ ਪਿਆਰ ਲੋਚਦੀ ਆਤਮਾ ਅਜੀਬ ਹੈ, ਜਿਸ ਨੂੰ ਮਜ਼ਹਬੀਅਤ ਵਾਲੀਆਂ ਅਸੰਖਾਂ ਆਤਮਾਵਾਂ ਨਾਲ ਤਾਂ ਵੈਰ ਭਾਵ ਤੇ ਬੇਗਾਨਾਪਨ ਹੈ ਅਤੇ ਮਜ਼ਹਬੀਅਤ-ਸੱਖਣੀਆਂ ਜ਼ਹਿਨੀਅਤਾਂ ਵਾਲੀਆਂ ਆਤਮਾਵਾਂ ਨਾਲ ਇਕ-ਸੁਰ ਹੋਣ ਵਾਲੀ ਜਾਣ-ਪਛਾਣ ਦੇ ਮੂੰਹ ਮੁਲਾਹਜ਼ੇ। ਕਿਥੇ ਤਾਂ ਇਹ ਗੱਲ ਕਿ ਆਪ "ਨਾ ਕੋ ਬੈਰੀ ਨਾਹਿ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ"[1] ਦੇ ਵਾਕ ਨੂੰ ਵਾਚ-ਵਰਡ (ਸੇਧ-ਦਾਤਾ) ਬਣਾ ਕੇ ਲੋਕਾਂ ਪਰ ਪ੍ਰਭਾਵ ਪਾਉਣ ਲਈ ਆਪਣੀ ਸਮ-ਦ੍ਰਿਸ਼ਟੀ ਤੇ ਸਮਬ੍ਰਿਤੀ ਦਾ ਸਬੂਤ ਦਿੰਦੇ ਸਨ, ਕਿਥੇ ਹੁਣ ਜੀਊਰੀ ਅਗੇ ਸ਼ਿਕਾਇਤ ਸ਼ਿਕਵੇ! ਕੌਲ ਫ਼ੇਅਲ ਦੀ ਇਕ-ਸੁਰਤਾ ਵਾਲੀ ਸਚਾਈ-ਬਿਹੂਣ ਹੁਣ ਜੀਊਰੀ ਉਸ ਨਾਲ ਕੀ ਇਨਸਾਫ਼ ਕਰ ਸਕਦੀ ਹੈ? ਜਦੋਂ ਕਿ ਉਸ ਨੇ ਹਿੰਦੁਸਤਾਨ ਦੀ ਕੌਮੀਅਤ ਨਾਲ ਖ਼ੁਦ ਇਨਸਾਫ਼ ਨਹੀਂ ਕੀਤਾ। ਜਦੋਂ ਹਿੰਦੁਸਤਾਨ ਦੇ ਮਜ਼ਹਬਾਂ ਦੀ ਮਜ਼ਹਬੀਅਤ ਉਤੇ ਨਾਸਤਕਤਾ ਦੇ ਤਅੱਸਬ ਭਰੇ ਗੋਲੇ ਵਰ੍ਹਾਉਂਦਿਆਂ ਰੰਚਕ ਦਰੇਗ਼ ਨਾ ਕੀਤਾ, ਹੁਣ ਉਹ ਆਪਣੇ ਬਚਾਉ ਲਈ ਜੀਊਰੀ ਦੀ ਓਟ ਭਾਲਦਾ ਹੈ? ਜੀਊਰੀ ਉਸ ਦੀ ਕਿਰਤ-ਕਰੰਮੀ ਕੈਫ਼ ਕਿਰਦਾਰੀ ਆਫ਼ਤ ਤੋਂ ਉਸ ਨੂੰ ਬਚਾ ਨਹੀਂ ਸਕਦੀ, ਅਜੇ ਓਦੋਂ ਪਤਾ ਲੱਗੂ ਜਦੋਂ ਸੱਚੀ ਜੀਊਰੀ ਵਿਚ ਸੱਚੋ ਹੀ ਸੱਚ ਨਿਬੜਿਆ:

**ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥**
**ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥**
**ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥**
**ਲਿਖਿ ਨਾਵੈ ਧਰਮੁ ਬਹਾਲਿਆ॥੨॥**

*(ਆਸਾ ਦੀ ਵਾਰ, ਪੰਨਾ ੪੬੩)*

ਇਹ 'ਲਿਖਿ ਨਾਵੈ ਧਰਮੁ ਬਹਾਲਿਆ' ਰੂਪੀ ਸੱਚ ਇਨਸਾਫ਼ ਕਦੇ ਸਿਰੋਂ ਨਹੀਂ ਟਲਣਾ, ਭਾਵੇਂ ਕਿਤਨੀਆਂ ਹੀ ਅੱਖੀਆਂ ਮੀਟੋ ਅਤੇ ਦੋਜ਼ਖਾਂ ਨਰਕਾਂ ਤੋਂ ਅਵੇਸਲੇ ਹੋ ਕੇ ਬਹੋ ਅਤੇ ਲੋਕਾਂ ਨੂੰ ਬਹਾਵੋ। ਸਤਿਗੁਰੂ ਨਾਨਕ ਸਾਹਿਬ ਸਾਰਖੇ ਸਰਬੱਗ ਪੁਰਖਾਂ ਦੀ ਸੱਚੀ ਸੁੱਚੀ ਆਤਮ ਪਰਮਾਤਮ ਕਰਕੇ ਇਕ-ਸੁਰ ਹੋਈ ਜ਼ਹਿਨੀਅਤ ਵਿਚੋਂ ਇਹ ਤ੍ਰੈਕਾਲ ਅਬਾਧ ਸਚਿਆਈ ਭਰੇ ਸ਼ਬਦ ਨਿਕਲੇ

---

੧. ਕਾਨੜਾ ਮ: ੫, ॥੧॥੮॥ ਪੰਨਾ ੧੨੯੯



bsrstrust.org

ਹਨ, ਕਦੇ ਤੀਨ ਕਾਲ ਭੀ ਆਹਲੇ ਜਾਣ ਵਾਲੇ ਨਹੀਂ। ਖ਼ਾਤਰ ਜਮ੍ਹਾ ਰਖੋ, ਜੀਊਰੀ ਵਿਚਾਰੀ ਵਿਚ ਪੈ ਕੇ ਕੀ ਕਰ ਸਕੇਗੀ ?

**ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥੯॥**

*(ਬਾਰਹਮਾਹਾ ਮ: ੫, ਪੰਨਾ ੧੩੫)*

ਆਪ ਲਿਖਦੇ ਹਨ ਕਿ "ਮੇਰੇ ਉਤੇ ਇਲਜ਼ਾਮ ਲਾਇਆ ਜਾ ਰਿਹਾ ਹੈ ਕਿ ਮੈਂ ਅਨੇਕ ਵੀਰਾਂ ਦੇ ਜਜ਼ਬਿਆਂ ਨੂੰ ਠੀਸ ਲਾ ਰਿਹਾ ਹਾਂ।" ਇਹ ਕੋਈ ਝੂਠਾ ਇਲਜ਼ਾਮ ਨਹੀਂ। ਮੁਲਜ਼ਮ ਆਪਣੇ ਉਤੇ ਲੱਗੇ ਇਲਜ਼ਾਮ ਨੂੰ ਆਪੇ ਹੀ ਝੂਠਾ ਕਹਿ ਕੇ ਜੇ ਬਰੀਅਤ ਚਾਹੇ ਤਾਂ ਐਸੀ ਕੋਈ ਬੇਵਕੂਫ਼ ਜੀਊਰੀ ਹੀ ਹੋਵੇਗੀ ਜੋ ਮੁਲਜ਼ਮ ਅਪ੍ਰਾਧੀ ਦੀ ਨੀਊਣੀ ਛੀਊਣੀ ਉਤੇ ਪੰਘਰ ਕੇ ਮੁਲਜ਼ਮ ਦੇ ਹੱਕ ਵਿਚ ਫ਼ੈਸਲਾ ਦੇ ਦੇਵੇ। ਹੁਣ ਆਪ, ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ ਇਹ ਕਹਿੰਦੇ ਹਨ ਕਿ "ਮੈਂ ਸਿਵਾਏ ਆਪਣੇ ਏਅਤਕਾਦ ਪ੍ਰਗਟ ਕਰਨ ਦੇ ਹੋਰ ਕਿਸੇ ਮੰਦ-ਭਾਵਨਾ ਨੂੰ ਦਿਲ ਵਿਚ ਥਾਂ ਨਹੀਂ ਦਿੰਦਾ।" ਪਰ ਆਪ ਨਿਰੇ ਆਪਣੇ ਏਅਤਕਾਦ ਹੀ ਨਹੀਂ ਦੱਸਦੇ, ਸਗੋਂ ਹਕਾਰਤ ਭਰੇ ਲਫ਼ਜ਼ਾਂ ਨਾਲ ਦੂਜਿਆਂ ਦੇ ਏਅਤਕਾਦਾਂ ਉਤੇ ਪੱਥਰ ਰੋੜੇ ਚਲਾਂਦੇ ਹਨ ਅਤੇ ਸਾਰੇ ਮਜ਼ਹਬਾਂ ਦੀ ਥੀਆਲੋਜੀ ਨੂੰ ਹੀ ਆਪਣੀ ਨੁਕਤਾਚੀਨੀ ਦਾ ਨਿਸ਼ਾਨਾ ਬਣਾਇਆ ਹੋਇਆ ਹੈ। ਮਜ਼ਹਬੀਅਤ ਆਪ ਦੀ ਗੁਲਜ਼ਰੀ ਹੈ। ਠਾਹ ਠਾਹ ਗੋਲੀ ਚਲਾਈ ਜਾਂਦੇ ਹੋ, ਨਾਲੇ ਮੁਕਰਦੇ ਹੋ ਤੇ ਨਾਲੇ ਪਿਛਾਂਹ ਹਟਦੇ ਹੋ ਅਤੇ ਵੰਗਾਰ ਕੇ ਡੌਂਡੀ ਪਿੱਟਦੇ ਹੋ ਕਿ "ਰੱਬ ਕੋਈ ਨਹੀਂ, ਨਾ ਕੋਈ ਗੁਰੂ ਹੈ, ਨਾ ਅਵਤਾਰ ਹੈ। ਇਹ ਧਾਰਮਕ ਗ੍ਰੰਥ ਅਤੇ ਧਰਮ-ਮੰਦਰ ਸਭ ਅਸਾਡੀ ਦੇਸ਼ ਉੱਨਤੀ ਵਿਚ ਰੁਕਾਵਟਾਂ ਹਨ। ਧਾਰਮਕ ਸੁਸਾਇਟੀਆਂ ਧੋਖੇ ਦੀਆਂ ਟੱਟੀਆਂ ਹਨ। ਸ਼ਹੀਦ ਅਸਥਾਨ ਸਭ ਫ਼ਸਾਦ ਦੇ ਅਖਾੜੇ ਹਨ। ਹਿੰਦੁਸਤਾਨ ਨੂੰ ਜੇ ਉਭਰਨ ਨਹੀਂ ਦਿੰਦਾ ਤਾਂ ਇਹ ਮਜ਼ਹਬ ਹੀ ਨਹੀਂ ਉਭਰਨ ਦਿੰਦਾ।" ਇਸ ਪ੍ਰਕਾਰ ਦੇ ਆਪ ਦੇ ਏਅਤਕਾਦ ਹਨ। ਜੇ ਦੂਜੇ ਆਪਣੇ ਏਅਤਕਾਦ ਨੂੰ ਪ੍ਰਗਟ ਕਰਨ ਤਾਂ ਆਪ ਨੂੰ ਦੁਖ ਕਿਉਂ ਪ੍ਰਤੀਤ ਹੁੰਦਾ ਹੈ ? ਆਮ ਜਨਤਾ ਨੂੰ ਆਪ ਆਸਤਕ ਤੋਂ ਨਾਸਤਕ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਹੋ। ਰੱਬ ਤੋਂ ਲੋਕਾਂ ਨੂੰ ਮੁਨਕਰ ਕਰਾਉਂਦੇ ਹੋ। ਧਰਮ, ਮਜ਼ਹਬ, ਅਬਾਦਤ, ਬੰਦਗੀ, ਭਜਨ-ਕੀਰਤਨ ਤੋਂ ਸ਼ਰਧਾਲੂਆਂ ਨੂੰ ਅਸ਼ਰਧਕ ਬਣਾਉਂਦੇ ਹੋ। ਧਰਮ-ਮੰਦਰਾਂ,



bsrstrust.org

ਸ਼ਹੀਦ-ਅਸਥਾਨਾਂ ਅਤੇ ਧਾਰਮਕ ਗ੍ਰੰਥਾਂ ਤੋਂ ਸਭ ਨੂੰ ਮੁਨਹਰਫ਼ ਕਰ ਰਹੇ ਹੋ। ਅਤੇ ਜੀਊਰੀ ਅਗੇ ਇਹ ਆਖਦੇ ਝਕਦੇ ਨਹੀਂ ਕਿ "ਮੈਂ ਕਿਸੇ ਮੰਦ-ਭਾਵਨਾ ਨੂੰ ਦਿਲ ਵਿਚ ਥਾਂ ਨਹੀਂ ਦਿੰਦਾ।"

ਆਪ ਨੇ ਆਪਣੀ ਸਫ਼ਾਈ ਜੀਊਰੀ ਅਗੇ ਪੇਸ਼ ਕਰਦਿਆਂ ਹੋਇਆਂ ਇਹ ਲਿਖਿਆ ਹੈ—"ਮੈਂ ਕਦੇ ਕਿਸੇ ਪੁਰਾਤਨ ਬਜ਼ੁਰਗ ਜਾਂ ਸਮਕਾਲੀ ਦੀ ਜ਼ਾਤ ਦਾ ਨਿਰਾਦਰ ਨਹੀਂ ਕੀਤਾ।"

ਇਹ ਗ਼ਲਤ-ਬਿਆਨੀ ਹੈ। ਸਤੰਬਰ ਦੇ ਰਸਾਲੇ ਵਿਚ 'ਚੰਗਾ ਤੇ ਪਵਿੱਤਰ ਜੀਵਨ' ਦੇ ਸਿਰਲੇਖ ਵਾਲਾ ਲੇਖ ਇਹਨਾਂ ਹੀ ਜ਼ਾਤੀ ਹਮਲਿਆਂ ਨਾਲ ਭਰਿਆ ਪਿਆ ਹੈ। ਲਿਖਾਰੀ ਨੇ ਅਨੇਕਾਂ ਸਰਬੱਗ ਮਹਾਂ ਪੁਰਖਾਂ ਦੇ ਰਬਾਨੀ ਅਹਿਸਾਸਾਂ ਨੂੰ ਰੌਂਦ ਕੇ ਉਨ੍ਹਾਂ ਦੀ ਬੇਅਦਬੀ ਕੀਤੀ ਹੈ। ਫੇਰ ਕਿਸ ਤਰ੍ਹਾਂ ਕਹਿ ਸਕਦਾ ਹੈ ਕਿ "ਬੇਅਦਬੀ ਤਾਂ ਮੈਂ ਕਿਸੇ ਹੈਵਾਨ ਦੀ ਭੀ ਨਹੀਂ ਕਰ ਸਕਦਾ, ਇਹ ਮੇਰੀ ਸਰਿਸ਼ਤ ਵਿਚ ਹੀ ਨਹੀਂ।"


bsrstrust.org

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

੧. ਜੇਲ੍ਹ ਚਿੱਠੀਆਂ
੨. ਰੰਗਲੇ ਸੱਜਣ
੩. ਅਣਡਿੱਠੀ ਦੁਨੀਆ
੪. ਗੁਰਮਤਿ ਬਿਬੇਕ
੫. ਗੁਰਮਤਿ ਲੇਖ
੬. ਗੁਰਮਤਿ ਪ੍ਰਕਾਸ਼
੭. ਗੁਰਮਤਿ ਵਿਚਾਰ
੮. ਗੁਰਮਤਿ ਗੌਰਵਤਾ
੯. ਸੰਤ ਪਦ ਨਿਰਣੈ
੧੦. ਕਥਾ ਕੀਰਤਨ
੧੧. ਸਚਖੰਡ ਦਰਸ਼ਨ
੧੨. ਗੁਰਮਤਿ ਸਚ ਨਿਰਣੈ
੧੩. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ?
੧੪. ਗੁਰਮਤਿ ਨਾਮ ਅਭਿਆਸ ਕਮਾਈ
੧੫. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
੧੬. ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ
੧੭. ਚਰਨ ਕਮਲ ਕੀ ਮਉਜ
੧੮. ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣੈ
੧੯. ਅਨਹਦ ਸ਼ਬਦ ਦਸਮ ਦੁਆਰ
੨੦. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
੨੧. ਜੋਤਿ ਵਿਗਾਸ (ਮਹਾਂ ਕਾਵਿ)
੨੨. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)
੨੩. Autobiography of Bhai Sahib Randhir Singh
੨੪. Meaning of Sikh Baptism

## ਛੋਟੇ ਟ੍ਰੈਕਟ :

੨੫. ਅੰਮ੍ਰਿਤ ਕੀ ਹੈ ?
੨੬. ਅੰਮ੍ਰਿਤ ਕਲਾ
੨੭. ਗੁਰਮਤਿ ਰਮਜ਼ਾਂ
੨੮. ਸਿੱਖ ਕੌਣ ਹੈ ?
੨੯. ਸੱਚੀਆਂ ਦਾੜ੍ਹੀਆਂ
੩੦. ਵਾਹਿਗੁਰੂ ਸਿਮਰਨ
੩੧. ਸੁਪਨਾ
੩੨. ਆਸਤਕ ਤੇ ਨਾਸਤਕ
੩੩. ਸ਼ੰਕਿਆਂ ਦੇ ਉੱਤਰ
੩੪. ਨਾਮ ਸੰਬੰਧੀ ਵਿਚਾਰ
੩੫. ਤਿਮਰ ਅਗਿਆਨ ਤੋਂ ਉਜਿਆਰਾ
੩੬. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
੩੭. ਸਿੰਘਾਂ ਦਾ ਪੰਥ ਨਿਰਾਲਾ
੩੮. ਬਾਬਾ ਵੈਦ ਰੋਗੀਆਂ ਦਾ
੩੯. ਕੋ ਵਿਰਲਾ ਗੁਰਮਤਿ ਚਲੈ ਜੀਉ
੪੦. ਹਉਮੈ ਨਾਵੈ ਨਾਲਿ ਵਿਰੋਧੁ ਹੈ
੪੧. ਨਾਮ ਦਾ ਦਾਤਾ ਸਤਿਗੁਰੂ
੪੨. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
੪੩. ਸਿੱਖੀ ਸਿਦਕ ਤੇ ਧਰਮ ਰੱਖਿਆ
੪੪. ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**
੨੩-ਜੀ, ਸਰਾਭਾ ਨਗਰ, ਲੁਧਿਆਣਾ

bsrstrust.org